ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

The South Asian

# INSIDER



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Weekly

Baldev Singh

## ਟਰੰਪ ਤੇ ਫਿਰ ਹਮਲੇ ਦੀ ਸਾਜ਼ਿਸ਼?

ਕਨਵੈਨਸ਼ਨ ਸੈਂਟਰ ਦੇ ਬਾਹਰ ਪੁਲਿਸ ਨੇ ਚਾਕੂ ਲਹਿਰਾਉਂਦੇ ਵਿਅਕਤੀ ਨੂੰ ਕੀਤਾ ਢੇਰ, AK-47 ਬਰਾਮਦ

ਓਮਾਨ: ਮਸਜਿਦ ਨਜ਼ਦੀਕ ਗੋਲੀਬਾਰੀ ਦੌਰਾਨ 1 ਭਾਰਤੀ ਸਮੇਤ 6 ਦੀ ਮੌਤ

## ਦਿਲਜੀਤ ਦੇ ਸ਼ੋਅ ਦੀ ਰਿਹਰਸਲ 'ਚ ਪੁੱਜੇ ਟਰੂਡੋ

## ਕਿਸਾਨਾਂ ਦੀ ਹਰਿਆਣਾ ਪੁਲਸ ਨਾਲ ਬਣੀ ਸਹਿਮਤੀ, ਹਿਰਾਸਤ 'ਚ ਲਏ ਆਗੂ ਹੋਏ ਰਿਹਾਅ

Insurance

Are you paying too much for Auto, Home, Business, Workman Compensation, Contractors, General Liability, E&O?
Call us today for complimentary Analysis of your policy.
Sharanjit Singh Thind, Phone 646 875 8495



The South Asian

INSIDER

Voice of South Asian Community Since March 2002

Vol. 23 Issue 20 Friday 19 July to 25 July 2024 $1 www.thesouthasianinsider.com

Why Donald Trump chose J.D. Vance to be his running mate

## House Oversight panel subpoenas Secret Service director to testify on Trump assassination attempt

Story on Page 11

Interpol arrests 300 people in a global crackdown on West African crime groups

Are you paying too Much for Business Insurance?
Call us today to find out how much you can save?
Phone: 646 875 8495
Advt.

New trans sports restrictions in New York hit with legal battles

Sikh Republican Harmeet Dhillon flamed for 'Ardas' at party meet: 'Blasphemous'

UK busts gang of British-Indians over drugs, money laundering after 2-year probe

From Misinformation To Fraud, The Alarming Rise Of Deepfakes In India

Sen. Bob Menendez found guilty on all counts, including acting as foreign agent, in federal corruption trial

**Youtube, Facbook, Twiter, Instagramme, Linkedin, Tiktok**

ਅੱਜ ਦਾ ਜ਼ਮਾਨਾ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ
ਤੇ ਤੁਸੀਂ ਵੀ ਸਾਡੇ ਰਾਹੀਂ ਆਪਣੇ
ਕਾਰੋਬਾਰ ਨੂੰ ਵਧਾਉਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ

**ਅਮਰੀਕਾ ਤੋਂ ਪ੍ਰਕਾਸ਼ਿਤ ਹੋ ਰਹੇ**

**ਪੰਜਾਬੀ ਦੁਨੀਆ ਅਖ਼ਬਾਰ**

**ਵਿਚ ਆਪਣੀ ਛਪਣਯੋਗ ਸਮੱਗਰੀ ਹੇਠ ਲਿਖੇ ਈਮੇਲ ਪਤੇ ਤੇ ਭੇਜੋ। ਸਮੱਗਰੀ ਪੰਜਾਬੀ ਦੇ ਕਿਸੇ ਵੀ ਫੌਂਟ ਵਿਚ ਤੁਸੀਂ ਭੇਜ ਸਕਦੇ ਹੋ**

punjabiduniya@gmail.com,
/www.thesouthasianinsider.com/punjabi-duniya

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 19 Issue 23 Friday 06 Sep-12 Sep, 2024 Published Weekly from New York www.PUNJABIDUNIYAMEDIA.com




## ਰਾਸ਼ਟਰਪਤੀ ਚੋਣਾਂ 'ਚ ਭਾਰਤੀ-ਅਮਰੀਕੀ ਨਾਗਰਿਕਾਂ ਦੀ ਭਾਗੀਦਾਰੀ ਵਧਾਉਣ ਲਈ ਮੁਹਿੰਮ ਸ਼ੁਰੂ



ਵਾਸ਼ਿੰਗਟਨ : ਅਮਰੀਕਾ ਵਿਚ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਭਾਰਤੀ ਭਾਈਚਾਰੇ ਦੇ ਇਕ ਸਮੂਹ ਨੇ ਚੋਣਾਂ ਵਿਚ ਭਾਰਤੀ-ਅਮਰੀਕੀ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਮੁਹਿੰਮ ਸ਼ੁਰੂ ਕੀਤੀ ਹੈ। ਗੈਰ-ਲਾਭਕਾਰੀ ਸੰਸਥਾ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (ਐਫ.ਆਈ.ਆਈ.ਡੀ.ਐਸ) ਨੇ ਇੰਡੋ ਅਮਰੀਕਨ ਵੋਟ ਮੈਟਰਸ ਨਾਮ ਦੀ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਸੰਗਠਨ ਵੱਲੋਂ ਮੰਗਲਵਾਰ ਨੂੰ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਮੁਹਿੰਮ ਵਿਚ ਦੇਸ਼ ਦੇ ਭਵਿੱਖ ਨੂੰ ਸੰਵਾਰਨ ਵਿਚ ਭਾਈਚਾਰਾ ਜੋ ਅਹਿਮ ਭੂਮਿਕਾ ਨਿਭਾ ਸਕਦਾ ਹੈ, ਉਸ ਨੂੰ ਰੇਖਾਂਕਿਤ ਕੀਤਾ ਗਿਆ ਹੈ। FIIDS ਨੇ ਕਿਹਾ, ਇੱਕ ਵੰਨ-ਸੁਵੰਨੇ ਅਤੇ ਵਧ ਰਹੇ ਪ੍ਰਵਾਸੀ ਭਾਈਚਾਰੇ ਦੇ ਰੂਪ ਵਿੱਚ, ਸੰਯੁਕਤ ਰਾਜ ਵਿੱਚ ਲਗਭਗ 45 ਲੱਖ ਦੀ ਗਿਣਤੀ ਵਾਲੇ ਭਾਰਤੀ-ਅਮਰੀਕੀਆਂ ਕੋਲ 2024 ਦੀਆਂ ਚੋਣਾਂ ਵਿੱਚ ਮਹੱਤਵਪੂਰਨ ਪ੍ਰਭਾਵ ਪਾਉਣ ਦਾ ਵਿਲੱਖਣ ਮੌਕਾ ਹੈ। ਫਲੋਰੀਡਾ, ਜਾਰਜੀਆ, ਐਰੀਜ਼ੋਨਾ, ਵਰਜੀਨੀਆ, ਨਿਊ ਜਰਸੀ ਅਤੇ ਪੈਨਸਿਲਵੇਨੀਆ ਵਰਗੇ ਮਹੱਤਵਪੂਰਨ ਰਾਜਾਂ ਵਿੱਚ ਕੇਂਦਰਿਤ ਭਾਰਤੀ-ਅਮਰੀਕੀ ਵੋਟ ਮਹੱਤਵਪੂਰਨ ਚੋਣਾਂ ਦੇ ਨਤੀਜਿਆਂ ਨੂੰ ਨਿਰਧਾਰਤ ਕਰਨ ਵਿੱਚ ਨਿਰਣਾਇਕ ਸਾਬਤ ਹੋ ਸਕਦੇ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤੀ-ਅਮਰੀਕੀਆਂ ਨੂੰ ਵੱਡੇ ਪੱਧਰ 'ਤੇ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਹੈ। ਨਿਗਰਾਨੀ ਆਗਾਮੀ ਸਰਵੇਖਣ ਘਰੇਲੂ ਅਤੇ ਗਲੋਬਲ ਨੀਤੀ ਮੁੱਦਿਆਂ 'ਤੇ ਅਮਰੀਕਾ ਦੇ ਵਿਚਾਰਾਂ ਨੂੰ ਪ੍ਰਗਟ ਕਰੇਗਾ, ਜੋ ਕਿ ਭਾਈਚਾਰੇ ਲਈ ਮਹੱਤਵਪੂਰਨ ਹੋਣਗੇ। FIIDS ਦੇ ਨੀਤੀ ਅਤੇ ਰਣਨੀਤੀ ਦੇ ਮੁਖੀ ਖੰਡੇਰਾਓ ਕੰਦ ਨੇ ਕਿਹਾ, ÷ਭਾਰਤੀ-ਅਮਰੀਕੀਆਂ ਕੋਲ, ਰਾਸ਼ਟਰਪਤੀ ਚੋਣਾਂ ਲਈ ਮੁੱਖ @ਸਵਿੰਗ ਰਾਜਾਂ@ ਵਿੱਚ ਆਪਣੀ ਵੱਡੀ ਆਬਾਦੀ ਨਾਲ ਪ੍ਰਭਾਵ ਬਣਾਉਣ ਦਾ ਇੱਕ ਵਿਲੱਖਣ ਮੌਕਾ ਹੈ। ਅਮਰੀਕਾ ਵਿੱਚ ਫਲੋਰੀਡਾ, ਜਾਰਜੀਆ, ਐਰੀਜ਼ੋਨਾ, ਵਰਜੀਨੀਆ, ਨਿਊਜਰਸੀ ਅਤੇ ਪੈਨਸਿਲਵੇਨੀਆ ਵਰਗੇ ਰਾਜਾਂ ਨੂੰ 'ਸਵਿੰਗ ਸਟੇਟ' ਕਿਹਾ ਜਾਂਦਾ ਹੈ ਕਿਉਂਕਿ ਇੱਥੇ ਕਿਸੇ ਇੱਕ ਪਾਰਟੀ ਦਾ ਦਬਦਬਾ ਨਹੀਂ ਹੈ ਅਤੇ ਨਤੀਜੇ ਕਿਸੇ ਵੀ ਪਾਰਟੀ ਦੇ ਹੱਕ ਵਿੱਚ ਜਾ ਸਕਦੇ ਹਨ।

## ਕੈਨੇਡਾ ਦਾ ਵੀਜ਼ਾ ਲੈ ਕੇ ਰਿਕਾਰਡ ਗਿਣਤੀ 'ਚ ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ

ਵਾਸ਼ਿੰਗਟਨ: ਕੈਨੇਡਾ ਤੋਂ ਵੱਡੀ ਗਿਣਤੀ ਵਿੱਚ ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਜਾ ਰਹੇ ਹਨ। ਇਹ ਸੰਖਿਆ ਆਪਣੇ ਉੱਚੇ ਪੱਧਰ @ਤੇ ਪਹੁੰਚ ਗਈ ਹੈ। ਲੋਕਾਂ ਦੇ ਲਗਾਤਾਰ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਕਾਰਨ ਕੈਨੇਡਾ ਦੀ ਵੀਜ਼ਾ ਜਾਂਚ ਪ੍ਰਕਿਰਿਆ ਹੁਣ ਸਵਾਲਾਂ ਦੇ ਘੇਰੇ @ਚ ਆ ਗਈ ਹੈ। ਇਸ ਤੋਂ ਇਲਾਵਾ ਅਜਿਹੀਆਂ ਖਬਰਾਂ ਵੀ ਹਨ ਕਿ ਕੈਨੇਡਾ ਜਾਣ ਵਾਲੇ ਯਾਤਰੀ ਅਜਿਹੇ ਸਫਰ ਕਰਦੇ ਹਨ ਕਿ ਉਨ੍ਹਾਂ ਨੂੰ ਯੂ.ਕੇ. ਵਿਚ ਰੁਕਣਾ ਪਵੇ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਬ੍ਰਿਟੇਨ @ਚ ਸ਼ਰਣ ਮੰਗਣ ਦੇ ਮਾਮਲੇ ਵੀ ਵਧਦੇ ਜਾ ਰਹੇ ਹਨ। ਯੂ.ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਦੇ ਤਾਜ਼ਾ ਅੰਕੜਿਆਂ ਅਨੁਸਾਰ, ਇਸ ਸਾਲ ਜੂਨ ਵਿੱਚ, 5,152 ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਤੋਂ ਪੈਦਲ ਅਮਰੀਕਾ ਵਿੱਚ ਦਾਖਲ ਹੋਏ।

ਦਿ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ, ਦਸੰਬਰ 2023 ਤੋਂ ਹਰ ਮਹੀਨੇ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਮੈਕਸੀਕੋ ਸਰਹੱਦ ਤੋਂ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਤੋਂ ਵੱਧ ਹੋ ਗਈ ਹੈ। ਕੈਨੇਡਾ ਅਤੇ ਅਮਰੀਕਾ ਵਿਚਕਾਰ 9000 ਕਿਲੋਮੀਟਰ ਦੀ ਸਰਹੱਦ ਹੈ। ਇਹ ਦੁਨੀਆ ਦੀ ਸਭ ਤੋਂ ਲੰਬੀ ਖੁੱਲ੍ਹੀ ਸਰਹੱਦ ਹੈ, ਜੋ ਮੈਕਸੀਕੋ-ਅਮਰੀਕਾ ਸਰਹੱਦ ਦੀ ਲੰਬਾਈ ਤੋਂ ਦੁੱਗਣੀ ਹੈ। ਯੂ.ਐਸ ਦੇ ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ ਇਸ ਸਾਲ ਜਨਵਰੀ ਤੋਂ ਜੂਨ ਦਰਮਿਆਨ ਹਰ ਮਹੀਨੇ ਅਮਰੀਕੀ ਸਰਹੱਦ ਤੇ ਫੜੇ ਗਏ ਭਾਰਤੀਆਂ ਦੀ ਔਸਤ ਗਿਣਤੀ 2548 ਤੋਂ 2024 ਵਿੱਚ 47 ਪ੍ਰਤੀਸ਼ਤ ਵਧ ਕੇ 3733 ਹੋ ਗਈ ਹੈ। 2021 ਵਿੱਚ ਇਹ ਸਿਰਫ 282 ਸੀ, ਜਿਸ ਵਿੱਚ 13 ਗੁਣਾ ਵਾਧਾ ਹੋਇਆ ਹੈ।




**ਅਮਰੀਕਾ ਵਿੱਚ ਭਾਰਤੀਆਂ ਦੀ ਵੱਡੀ ਗਿਣਤੀ**

ਅਮਰੀਕਾ ਵਿਚ ਵੱਡੀ ਗਿਣਤੀ ਵਿਚ ਭਾਰਤੀ ਰਹਿ ਰਹੇ ਹਨ ਜੋ ਕਾਨੂੰਨੀ ਤੌਰ @ਤੇ ਉਥੇ ਵਸ ਗਏ ਹਨ। ਇਨ੍ਹਾਂ ਭਾਰਤੀਆਂ ਦਾ ਅਮਰੀਕਾ ਵਿੱਚ ਆਰਥਿਕ ਦਬਦਬਾ ਹੈ। ਬੋਸਟਨ ਕੰਸਲਟਿੰਗ ਗਰੁੱਪ ਦੇ ਇੱਕ ਤਾਜ਼ਾ ਅਧਿਐਨ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤੀ ਅਮਰੀਕੀ ਕੁੱਲ ਅਮਰੀਕਾ ਦੀ ਆਬਾਦੀ ਦਾ 1.5 ਪ੍ਰਤੀਸ਼ਤ ਹਨ। ਪਰ ਉਹ ਸਾਰੇ ਇਨਕਮ ਟੈਕਸ ਦਾ 5-6 ਫੀਸਦੀ ਅਦਾ ਕਰਦਾ ਹੈ। ਇਸ ਦੌਰਾਨ, ਸ਼ਰਣ ਮੰਗਣ ਲਈ ਬ੍ਰਿਟੇਨ ਦੀਆਂ ਬੰਦਰਗਾਹਾਂ @ਤੇ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। 2021 ਵਿੱਚ ਇਹ ਗਿਣਤੀ 495 ਸੀ ਜੋ 2022 ਵਿੱਚ 136 ਫੀਸਦੀ ਵਧ ਕੇ 1170 ਹੋ ਗਈ। ਇਹ ਸੰਖਿਆ 2023 ਵਿੱਚ 1391 ਤੱਕ ਪਹੁੰਚ ਗਈ। ਇਸ ਸਾਲ ਦੀ ਗੱਲ ਕਰੀਏ ਤਾਂ ਜੂਨ ਤੱਕ 475 ਸ਼ਰਣ ਮੰਗਣ ਵਾਲੇ ਯੂਕੇ ਦੀਆਂ ਬੰਦਰਗਾਹਾਂ @ਤੇ ਪਹੁੰਚੇ।

**ਕੈਨੇਡਾ ਨੇ ਕਹੀ ਇਹ ਗੱਲ**

ਅਮਰੀਕਾ ਅਤੇ ਯੂ.ਕੇ ਦੋਵਾਂ ਨੇ ਕੈਨੇਡਾ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਾਇਆ ਹੈ। ਰਿਪੋਰਟ ਮੁਤਾਬਕ ਅਮਰੀਕਾ ਨੇ ਵੀਜ਼ਾ ਜਾਂਚ ਪ੍ਰਕਿਰਿਆ ਨੂੰ ਹੋਰ ਸਖ਼ਤ ਕਰਨ ਦੀ ਮੰਗ ਕੀਤੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ) ਦੇ ਬੁਲਾਰੇ ਨੇ ਕਿਹਾ, @ਆਈ.ਆਰ.ਸੀ.ਸੀ ਇਸ ਸਮੇਂ ਅਮਰੀਕਾ ਜਾਂ ਯੂ.ਕੇ ਨਾਲ ਕਿਸੇ ਵੀ ਗੱਲਬਾਤ ਤੇ ਟਿੱਪਣੀ ਨਹੀਂ ਕਰ ਸਕਦੀ। ਕੈਨੇਡਾ ਇਨ੍ਹਾਂ ਗਤੀਵਿਧੀਆਂ ਪਿੱਛੇ ਨੈੱਟਵਰਕ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਯੂ.ਕੇ ਦੇ ਗ੍ਰਹਿ ਦਫ਼ਤਰ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਸ ਸਹੂਲਤ ਦੀ ਦੁਰਵਰਤੋਂ ਨਾ ਹੋਵੇ।

## ਹਮਾਸ ਨੂੰ ਕੀਮਤ ਚੁਕਾਉਣੀ ਪਵੇਗੀ', ਗਾਜ਼ਾ ਚ ਬੰਧਕਾਂ ਦੀਆਂ ਲਾਸ਼ਾਂ ਮਿਲਣ 'ਤੇ ਬਿਡੇਨ ਦਾ ਚੜ੍ਹਿਆ ਪਾਰਾ

ਵਾਸ਼ਿੰਗਟਨ : ਇਜ਼ਰਾਇਲੀ ਬਲਾਂ ਨੇ ਗਾਜ਼ਾ ਪੱਟੀ ਦੇ ਰਫਾਹ ਸ਼ਹਿਰ ਵਿਚ ਇੱਕ ਸੁਰੰਗ ਵਿਚੋਂ ਛੇ ਬੰਧਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਇਜ਼ਰਾਇਲ ਨੇ ਪੁਸ਼ਟੀ ਕੀਤੀ ਕਿ ਇਹ ਸਾਰੇ ਹਮਾਸ ਦੁਆਰਾ ਬਣਾਏ ਬੰਧਕ ਗਏ ਸਨ ਤੇ ਉਨ੍ਹਾਂ ਵਿਚ ਹਰਸ਼ ਗੋਲਡਬਰਗ-ਪੋਲਿਨ, ਇਕ ਅਮਰੀਕੀ ਨਾਗਰਿਕ ਵੀ ਸ਼ਾਮਲ ਸੀ। ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨੇ ਇਸ ਘਟਨਾ ਨੂੰ 'ਦੁਖਦਾਈ' ਅਤੇ 'ਨਿੰਦਾਯੋਗ' ਕਰਾਰ ਦਿੱਤਾ ਹੈ। ਉਸਨੇ ਚੇਤਾਵਨੀ ਦਿੱਤੀ ਕਿ @ਹਮਾਸ ਦੇ ਨੇਤਾਵਾਂ ਨੂੰ ਇਨ੍ਹਾਂ ਅਪਰਾਧਾਂ ਦੀ ਕੀਮਤ ਚੁਕਾਉਣੀ ਪਵੇਗੀ।@

ਬਿਡੇਨ ਨੇ ਵ੍ਹਾਈਟ ਹਾਊਸ ਤੋਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਹਮਾਸ ਦੇ ਇਨ੍ਹਾਂ ਵਹਿਸ਼ੀ ਅੱਤਵਾਦੀਆਂ ਦੁਆਰਾ ਮਾਰੇ ਗਏ ਬੰਧਕਾਂ ਵਿਚੋਂ ਇਕ ਅਮਰੀਕੀ ਨਾਗਰਿਕ ਸੀ। ਉਨ੍ਹਾਂ ਅੱਗੇ ਕਿਹਾ ਕਿ ਹੁਣ ਜੰਗਬੰਦੀ ਦਾ ਸਮਾਂ ਆ ਗਿਆ ਹੈ ਅਤੇ ਇਸ ਲਈ ਉਹ 24 ਘੰਟੇ ਕੰਮ ਕਰਨਗੇ। ਇਜ਼ਰਾਇਲੀ ਫੌਜ ਨੇ ਕਿਹਾ ਕਿ ਬੰਧਕਾਂ ਨੂੰ ਹਮਾਸ ਨੇ ਗਾਜ਼ਾ ਸੁਰੰਗ ਤੋਂ ਬਰਾਮਦ ਹੋਣ ਤੋਂ ਪਹਿਲਾਂ ਹੀ ਮਾਰ ਦਿੱਤਾ ਸੀ।

**ਹਮਾਸ ਨਹੀਂ ਚਾਹੁੰਦਾ ਗਾਜ਼ਾ @ਚ ਜੰਗਬੰਦੀ@**

ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵੀ ਹਮਾਸ ਵਿਰੁੱਧ ਸਖ਼ਤ ਰੁਖ ਅਪਣਾਉਂਦੇ ਹੋਏ ਕਿਹਾ ਕਿ ਬੰਧਕਾਂ ਨੂੰ ਮਾਰਨ ਵਾਲੇ ਗਾਜ਼ਾ ਜੰਗਬੰਦੀ ਲਈ ਕੋਈ ਸੌਦਾ ਨਹੀਂ ਚਾਹੁੰਦੇ ਹਨ। ਉਸਨੇ ਵਾਅਦਾ ਕੀਤਾ ਕਿ ਉਹ ਹਮਾਸ ਦੇ ਅੱਤਵਾਦੀਆਂ ਨਾਲ ਲੇਖਾ-ਜੋਖਾ ਕਰੇਗਾ।

**ਬਰਮਦਗੀ ਤੋਂ ਪਹਿਲਾਂ ਮਾਰੇ ਬੰਧਕ**

ਇਸ ਦੌਰਾਨ ਇਜ਼ਰਾਇਲ ਡਿਫੈਂਸ ਫੋਰਸ (ਆਈਡੀਐੱਫ) ਨੇ ਵੀ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਆਈਡੀਐੱਫ ਦੇ ਬੁਲਾਰੇ ਰੀਅਰ ਐਡਮਿਰਲ ਡੇਨੀਅਲ ਹਾਗਰੀ ਨੇ ਕਿਹਾ ਕਿ ਬੰਧਕਾਂ ਨੂੰ ਆਈਡੀਐੱਫ ਦੇ ਜਵਾਨਾਂ ਦੇ ਪਹੁੰਚਣ ਤੋਂ ਕੁਝ ਸਮਾਂ ਪਹਿਲਾਂ ਹੀ ਬੇਰਹਿਮੀ ਨਾਲ ਮਾਰ ਦਿੱਤਾ ਗਿਆ ਸੀ। ਅਮਰੀਕੀ ਨਾਗਰਿਕ ਗੋਲਡਬਰਗ ਪੋਲਿਨ ਨੂੰ 7 ਅਕਤੂਬਰ ਨੂੰ ਨੋਵਾ ਸੰਗੀਤ ਸਮਾਰੋਹ ਦੌਰਾਨ ਹਮਾਸ ਨੇ ਅਗਵਾ ਕਰ ਲਿਆ ਸੀ।




Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*

Sharanjit Singh Thind, Phone 646 875 8495



# ਪ੍ਰਕਾਸ਼ ਪੁਰਬ ਸਮਾਗਮ: ਦਰਬਾਰ ਸਾਹਿਬ ਨੂੰ ਫੁੱਲਾਂ ਨਾਲ ਸਜਾਇਆ

## ਕੋਲਕਾਤਾ, ਉੱਤਰ ਪ੍ਰਦੇਸ਼, ਦਿੱਲੀ ਤੋਂ ਸੌ ਕਾਰੀਗਰ ਪੁੱਜੇ



ਅੰਮ੍ਰਿਤਸਰ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਦਰਬਾਰ ਸਾਹਿਬ ਨੂੰ ਸੁੰਦਰ ਫੁੱਲਾਂ ਨਾਲ ਸਜਾਇਆ ਗਿਆ। ਪਹਿਲਾ ਪ੍ਰਕਾਸ਼ ਪੁਰਬ ਭਲਕੇ 4 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ ਅਤੇ ਸਰਕਾਰ ਵੱਲੋਂ ਇਸ ਸਬੰਧ ਵਿੱਚ ਭਲਕੇ ਅੰਮ੍ਰਿਤਸਰ ਵਿੱਚ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਤੋਂ ਬਾਅਦ ਸਤੰਬਰ 1604 ਵਿਚ ਪਹਿਲੀ ਵਾਰ ਦਰਬਾਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ, ਜਿਸ ਨੂੰ ਅੱਜ ਵੀ ਪਹਿਲੇ ਪ੍ਰਕਾਸ਼ ਪੁਰਬ ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਹਰ ਸਾਲ ਵਾਂਗ ਇਸ ਵਾਰ ਵੀ ਦੇਸ਼ ਵਿਦੇਸ਼ ਤੋਂ ਮੰਗਵਾਏ ਗਏ ਵੱਖ ਵੱਖ ਕਿਸਮਾਂ ਦੇ ਫੁੱਲਾਂ ਨਾਲ ਹਰਿਮੰਦਰ ਸਾਹਿਬ ਨੂੰ ਸਜਾਇਆ ਗਿਆ। ਇਸ ਸਬੰਧੀ ਹਰਿਮੰਦਰ ਸਾਹਿਬ ਦੇ ਅੰਦਰ, ਅਕਾਲ ਤਖਤ, ਦਰਸ਼ਨੀ ਡਿਉੜੀ ਵਾਲੇ ਪੁਲ, ਪ੍ਰਵੇਸ਼ ਦੁਆਰ, ਵਰਾਂਡਿਆਂ, ਜੰਗਲਿਆਂ ਤੇ ਹੋਰ ਥਾਵਾਂ 'ਤੇ ਫੁੱਲਾਂ ਨਾਲ ਸਜਾਵਟ ਕੀਤੀ ਗਈ ਹੈ। ਕਈ ਥਾਵਾਂ 'ਤੇ ਫੁੱਲਾਂ ਦੀਆਂ ਲੜੀਆਂ, ਕਈ ਥਾਵਾਂ 'ਤੇ ਗੁਲਦਸਤੇ ਬਣਾ ਕੇ ਲਾਏ ਗਏ ਹਨ। ਕਈ ਥਾਵਾਂ 'ਤੇ ਫੁੱਲਾਂ ਨਾਲ ਖੰਡਾ ਅਤੇ ੧ਓ ਵੀ ਬਣਾਇਆ ਗਿਆ ਹੈ। ਫੁੱਲਾਂ ਨਾਲ ਕੀਤੀ ਗਈ ਸੁੰਦਰ ਸਜਾਵਟ ਅਤੇ ਇਸ ਦੀ ਮਹਿਕ ਨਾਲ ਹਰਿਮੰਦਰ ਸਾਹਿਬ ਦਾ ਆਲਾ ਦੁਆਲਾ ਅਲੌਕਿਕ ਦਿੱਖ ਦੇ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ, ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਮੈਂਬਰ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਪਹਿਲੇ ਪ੍ਰਕਾਸ਼ ਦਿਹਾੜੇ ਸਬੰਧੀ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਦੀਵਾਨ ਸਜਣਗੇ ਜਿਸ ਵਿਚ ਰਾਗੀ, ਢਾਡੀ, ਕਵੀਸ਼ਰ ਤੇ ਪ੍ਰਚਾਰਕ ਸੰਗਤ ਨੂੰ ਗੁਰਬਾਣੀ ਤੇ ਇਤਿਹਾਸ ਨਾਲ ਜੋੜਨਗੇ। ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਅ ਸਜਣਗੇ।




**ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਸੰਗਤ ਨੂੰ ਵਧਾਈ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਮਨੁੱਖਤਾ ਨੂੰ ਪ੍ਰਮਾਤਮਾ ਨਾਲ ਜੁੜਨ ਤੇ ਉੱਤਮ ਜੀਵਨ ਜਿਊਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਸਾਂਝੀਵਾਲਤਾ ਅਤੇ ਸਦਭਾਵਨਾ ਦਾ ਸੁਨੇਹਾ ਦਿੰਦੀ ਹੈ। ਗੁਰਬਾਣੀ ਦੀ ਵਿਚਾਰਧਾਰਾ ਅਧਿਆਤਮਕ ਤੇ ਸਮਾਜਿਕ ਜੀਵਨ ਸੇਧਾਂ ਦਾ ਸੋਮਾ ਹੈ, ਜਿਸ ਅਨੁਸਾਰ ਜੀਵਨ ਬਸਰ ਕਰ ਕੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਮੁਕੰਮਲ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸਾਲ 1604 ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਮਨੁੱਖਤਾ ਨੂੰ ਸਰਬ ਸਾਂਝਾ ਪਾਵਨ ਗ੍ਰੰਥ ਬਖ਼ਸ਼ਿਸ਼ ਕੀਤਾ, ਜਿਸ ਦਾ ਸਥਾਨ ਪੂਰੀ ਦੁਨੀਆ ਦੇ ਧਰਮ ਇਤਿਹਾਸ ਅੰਦਰ ਵਿਲੱਖਣ ਤੇ ਨਿਰਾਲਾ ਹੈ। ਉਨ੍ਹਾਂ ਨੇ ਸਿੱਖ ਕੌਮ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਅਪੀਲ ਕੀਤੀ।

**ਦੇਸ਼ ਤੇ ਵਿਦੇਸ਼ ਤੋਂ 40 ਟਨ ਫੁੱਲ ਮੰਗਵਾਏ: ਮੁੱਖ ਮੈਨੇਜਰ**

ਹਰਿਮੰਦਰ ਸਾਹਿਬ ਦੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਦਰਬਾਰ ਸਾਹਿਬ ਵਿਖੇ ਫੁੱਲਾਂ ਦੀ ਇਹ ਸਜਾਵਟ ਗੁਰੂ ਘਰ ਦੇ ਸ਼ਰਧਾਲੂਆਂ ਵੱਲੋਂ ਕਰਵਾਈ ਗਈ ਹੈ। ਇਸ ਸਬੰਧ ਵਿੱਚ ਸ਼ਰਧਾਲੂਆਂ ਵੱਲੋਂ ਲਗਪਗ 40 ਟਨ ਫੁੱਲ ਦੇਸ਼ ਅਤੇ ਵਿਦੇਸ਼ ਤੋਂ ਮੰਗਵਾਏ ਗਏ ਹਨ, ਜਿਨ੍ਹਾਂ ਵਿੱਚ ਲਗਪਗ 20 ਕਿਸਮਾਂ ਦੇ ਫੁੱਲ ਸ਼ਾਮਲ ਹਨ। ਇਸ ਸਜਾਵਟ ਲਈ ਕੋਲਕਾਤਾ, ਉੱਤਰ ਪ੍ਰਦੇਸ਼, ਦਿੱਲੀ ਅਤੇ ਹੋਰ ਥਾਵਾਂ ਤੋਂ ਲਗਪਗ 100 ਮਾਹਰ ਕਾਰੀਗਰ ਆਏ ਹਨ ਅਤੇ ਇਨ੍ਹਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਥਾਨਕ ਸ਼ਰਧਾਲੂ ਵੀ ਸ਼ਾਮਲ ਹਨ ਜਿਨ੍ਹਾਂ ਵੱਲੋਂ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਵਿਖੇ ਵੱਖ-ਵੱਖ ਥਾਵਾਂ 'ਤੇ ਫੁੱਲਾਂ ਨਾਲ ਸਜਾਵਟ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਭਲਕੇ ਚਾਰ ਸਤੰਬਰ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਦਰਬਾਰ ਸਾਹਿਬ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ 4 ਸਤੰਬਰ ਨੂੰ ਸਵੇਰੇ 7 ਵਜੇ ਗੁਰਦੁਆਰਾ ਰਾਮਸਰ ਤੋਂ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਪੁਰਾਤਨ ਪਰਪੰਰਾ ਮੁਤਾਬਿਕ ਪਾਵਨ ਸਰੂਪ ਹਰਿਮੰਦਰ ਸਾਹਿਬ ਲਿਆਂਦਾ ਜਾਵੇਗਾ।






# ਕਿਸਾਨਾਂ ਦੀ ਚਿਤਾਵਨੀ: ਜੇ ਮੰਗਾਂ ਨਾ ਮੰਨੀਆਂ ਤਾਂ ਮੋਰਚਾ ਅੱਗੇ ਵਧਾਇਆ ਜਾਵੇਗਾ

## ਖੇਤੀ ਨੀਤੀ ਮੋਰਚਾ ਤਹਿਤ ਤੀਜੇ ਦਿਨ ਵੀ ਡਟੇ ਰਹੇ ਕਿਸਾਨ ਅਤੇ ਖੇਤ ਮਜ਼ਦੂਰ



ਚੰਡੀਗੜ੍ਹ : ਪੰਜਾਬ ਵਿੱਚ ਕਿਸਾਨ, ਮਜ਼ਦੂਰ ਤੇ ਵਾਤਾਵਰਣ ਪੱਖੀ ਖੇਤੀ ਨੀਤੀ ਬਣਾਉਣ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਬੀਕੇਯੂ (ਏਕਤਾ ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸ਼ੁਰੂ ਕੀਤਾ 'ਖੇਤੀ ਨੀਤੀ ਮੋਰਚਾ' ਅੱਜ ਤੀਜੇ ਦਿਨ ਵੀ ਜਾਰੀ ਰਿਹਾ। ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ, ਬਜ਼ੁਰਗਾਂ ਤੇ ਬੀਬੀਆਂ ਦੇ ਵੱਡੇ-ਵੱਡੇ ਕਾਫਲੇ ਮੋਰਚੇ ਵਿੱਚ ਪਹੁੰਚੇ, ਜਿਨ੍ਹਾਂ ਨੇ ਕੇਂਦਰ ਤੇ ਸੂਬਾ ਸਰਕਾਰ ਦੇ ਕਿਸਾਨਾਂ ਤੇ ਮਜ਼ਦੂਰਾਂ ਵਿਰੋਧੀ ਰਵੱਈਏ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਆਪਣੀਆਂ ਮੰਗਾਂ ਦੁਹਰਾਈਆਂ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਜੇ 'ਆਪ' ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਦਾ ਢੁਕਵਾਂ ਹੱਲ ਨਾ ਕੀਤਾ ਗਿਆ ਤਾਂ ਪੰਜ ਰੋਜ਼ਾ ਮੋਰਚੇ ਨੂੰ ਅੱਗੇ ਵਧਾਇਆ ਜਾਵੇਗਾ। ਆਗੂਆਂ ਨੇ ਕਿਹਾ ਕਿ ਪਿੰਡਾਂ ਵਿੱਚੋਂ ਸਰਕਾਰ ਚਲਾਉਣ ਦਾ ਦਾਅਵਾ ਕਰਨ ਵਾਲੇ ਸਿਆਸੀ ਆਗੂ ਅੱਜ ਕਿਸਾਨਾਂ ਦੀ ਗੱਲ ਸੁਣਨ ਤੋਂ ਵੀ ਭੱਜ ਗਏ ਹਨ। ਜਮਹੂਰੀ ਹੱਕਾਂ ਦੀ ਕਾਰਕੁਨ ਡਾ. ਨਵਸ਼ਰਨ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਖੇਤੀ ਖੇਤਰ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਹੈ, ਜਿਸ ਕਰਕੇ ਕਿਸਾਨ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਕਿਸਾਨ, ਮਜ਼ਦੂਰ ਤੇ ਵਾਤਾਵਰਣ ਪੱਖੀ 'ਖੇਤੀ ਨੀਤੀ' ਬਣਾਉਣੀ ਚਾਹੀਦੀ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਉਜਰਤ ਇਕ ਹਜ਼ਾਰ ਰੁਪਏ ਦਿਹਾੜੀ ਤੱਕ ਕੀਤੇ ਜਾਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਬੀਕੇਯੂ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਜਗਤਾਰ ਸਿੰਘ ਕਾਲਾਝਾੜ, ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ, ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਤੇ ਹਰਮੇਸ਼ ਮਾਲੜੀ ਤੇ ਮੇਜਰ ਸਿੰਘ ਕਾਲੇਕੇ ਨੇ ਦੋਸ਼ ਲਾਇਆ ਕਿ ਪਿੰਡਾਂ ਵਿੱਚੋਂ ਸਰਕਾਰ ਚਲਾਉਣ ਦਾ ਦਾਅਵਾ ਕਰਨ ਵਾਲੇ ਸਿਆਸੀ ਆਗੂ ਅੱਜ ਚੰਡੀਗੜ੍ਹ ਵਿੱਚ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦੀ ਗੱਲ ਸੁਣਨ ਤੋਂ ਵੀ ਭੱਜ ਗਏ ਹਨ। ਉਨ੍ਹਾਂ ਕਿਹਾ ਕਿ ਲੰਘੇ ਦਿਨ ਵਿਧਾਨ ਸਭਾ ਵੱਲ ਮਾਰਚ ਸਮੇਂ ਸਰਕਾਰ ਦਾ ਕੋਈ ਚੁਣਿਆ ਹੋਇਆ ਨੁਮਾਇੰਦਾ ਮੰਗ ਪੱਤਰ ਹਾਸਲ ਕਰਨ ਨੂੰ ਤਿਆਰ ਨਹੀਂ ਸੀ, ਸਗੋਂ ਜਥੇਬੰਦੀਆਂ ਦੇ ਸਖ਼ਤ ਇਤਰਾਜ਼ ਮਗਰੋਂ ਖੇਤੀਬਾੜੀ ਮੰਤਰੀ ਨੂੰ ਮੰਗ ਪੱਤਰ ਲੈਣ ਲਈ ਪਹੁੰਚਣਾ ਪਿਆ।

**ਐੱਨਆਈਏ ਦੇ ਛਾਪਿਆਂ ਦੀ ਨਿਖੇਧੀ**

ਕਿਸਾਨਾਂ ਤੇ ਮਜ਼ਦੂਰਾਂ ਨੇ ਬੀਤੇ ਦਿਨੀਂ ਐੱਨਆਈਏ ਵੱਲੋਂ ਕਿਸਾਨ ਆਗੂ ਸੁਖਵਿੰਦਰ ਕੌਰ ਸਮੇਤ ਵਕੀਲਾਂ ਤੇ ਹੋਰ ਬੁੱਧੀਜੀਵੀਆਂ ਦੇ ਘਰਾਂ ਉੱਤੇ ਛਾਪੇ ਮਾਰਨ ਦੀ ਸਖ਼ਤ ਨਿਖੇਧੀ ਕੀਤੀ। ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਜਮਹੂਰੀ ਢੰਗ ਨਾਲ ਵਿਰੋਧ ਕਰਨ ਦੀ ਬਦੌਲਤ ਕਿਸਾਨ ਆਗੂ ਰਾਜਿੰਦਰ ਸਿੰਘ ਦੀਪ ਸਿੰਘਵਾਲਾ ਸਮੇਤ ਹੋਰਨਾਂ ਆਗੂਆਂ ਦੇ ਵਰੰਟ ਜਾਰੀ ਕਰਨ ਦੀ ਨਿੰਦਾ ਕਰਦਿਆਂ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਬੁੱਢੇ ਦਰਿਆ 'ਚ ਦੂਸ਼ਿਤ ਪਾਣੀ ਰੋਕਣ ਲਈ ਸੰਘਰਸ਼ ਕਰਦੇ ਲੋਕਾਂ ਨੂੰ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ।

# ਡੇਰਾ ਬਿਆਸ: ਇੱਕ ਮੰਚ 'ਤੇ ਨਜ਼ਰ ਆਏ ਬਾਬਾ ਗੁਰਿੰਦਰ ਸਿੰਘ ਤੇ ਜਸਦੀਪ ਸਿੰਘ

ਰਈਆ : ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਜਸਦੀਪ ਸਿੰਘ ਗਿੱਲ ਨੂੰ ਆਪਣਾ ਜਾਨਸ਼ੀਨ ਐਲਾਨੇ ਜਾਣ ਮਗਰੋਂ ਅੱਜ ਵੱਡੀ ਗਿਣਤੀ ਵਿੱਚ ਸੰਗਤ ਡੇਰਾ ਸਤਿਸੰਗ ਬਿਆਸ ਪੁੱਜੀ। ਸਤਿਸੰਗ ਦੌਰਾਨ ਦੋਵਾਂ ਨੇ ਸੰਗਤ ਨੂੰ ਇਕੱਠਿਆਂ ਸੰਬੋਧਨ ਕੀਤਾ। ਡੇਰਾ ਰਾਧਾ ਸੁਆਮੀ ਸਤਿਸੰਗ ਸੁਸਾਇਟੀ ਬਿਆਸ ਦੇ ਸਕੱਤਰ ਦਵਿੰਦਰ ਕੁਮਾਰ ਸੀਕਰੀ ਨੇ ਬੀਤੇ ਦਿਨੀਂ ਪੱਤਰ ਜਾਰੀ ਕੀਤਾ ਸੀ, ਜਿਸ ਵਿੱਚ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਜਸਦੀਪ ਸਿੰਘ ਗਿੱਲ (45) ਨੂੰ ਆਪਣਾ ਜਾਨਸ਼ੀਨ ਨਿਯੁਕਤ ਕਰਨ ਅਤੇ ਸਾਰੀਆਂ ਜ਼ਿੰਮੇਵਾਰੀਆਂ ਅਗਲੇ ਮੁਖੀ ਨੂੰ ਸੌਂਪਣ ਦਾ ਐਲਾਨ ਕੀਤਾ ਸੀ। ਹਾਲਾਂਕਿ, ਦੇਰ ਰਾਤ ਡੇਰਾ ਰਾਧਾ ਸੁਆਮੀ ਬਿਆਸ ਵੱਲੋਂ ਦੁਬਾਰਾ ਸੋਧੇ ਬਿਆਨ ਮੁਤਾਬਕ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਮੁਖੀ ਅਤੇ ਜਸਦੀਪ ਸਿੰਘ ਗਿੱਲ ਨੂੰ ਕਾਰਜਕਾਰੀ ਮੁਖੀ ਥਾਪਿਆ ਗਿਆ। ਡੇਰੇ ਦੇ ਇਸ ਅਚਾਨਕ ਲਏ ਫ਼ੈਸਲੇ ਤੋਂ ਸੰਗਤ ਹੈਰਾਨ ਹੈ ਅਤੇ ਉਨ੍ਹਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਸਨ। ਇਸ ਦੇ ਮੱਦੇਨਜ਼ਰ ਬੀਤੀ ਸ਼ਾਮ ਤੋਂ ਹੀ ਵੱਡੀ ਗਿਣਤੀ ਸੰਗਤ ਡੇਰਾ ਬਿਆਸ ਪੁੱਜਣੀ ਸ਼ੁਰੂ ਹੋ ਗਈ। ਡੇਰੇ ਤੋਂ ਵਾਪਸ ਆ ਰਹੇ ਸ਼ਰਧਾਲੂਆਂ ਨੇ ਦੱਸਿਆ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਜਾਨਸ਼ੀਨ ਸਬੰਧੀ ਫ਼ੈਸਲੇ ਤੋਂ ਉਹ ਕਾਫ਼ੀ ਹੈਰਾਨੀ ਹਨ ਅਤੇ ਉਨ੍ਹਾਂ ਨੂੰ ਯਕੀਨ ਨਹੀਂ ਹੋ ਰਿਹਾ। ਸਵੇਰੇ ਸਤਿਸੰਗ ?ਦੌਰਾਨ ਵੀ ਹਰੇਕ ਸ਼ਰਧਾਲੂ ਦੀ ਅੱਖ ਨਮ ਸੀ। ਬਾਬਾ ਗੁਰਿੰਦਰ ਸਿੰਘ ਢਿੱਲੋਂ ਅਤੇ ਜਸਦੀਪ ਸਿੰਘ ਗਿੱਲ ਇਕੱਠੇ ਮੰਚ 'ਤੇ ਪਹੁੰਚੇ ਅਤੇ ਦੋ ਵੱਖ-ਵੱਖ ਗੱਦੀਆਂ 'ਤੇ ਬਿਰਾਜਮਾਨ ਹੋਏ। ਸਤਿਸੰਗ ਦਾ ਵਿਸ਼ਾ 'ਗੁਰੂ' ਸੀ। ਹਾਲਾਂਕਿ, ਬਾਬਾ ਗੁਰਿੰਦਰ ਸਿੰਘ ਢਿੱਲੋਂ ਮੰਚ ਤੋਂ ਕੋਈ ਸ਼ਬਦ ਨਹੀਂ ਬੋਲੇ ਪਰ ਆਪਣੇ ਜਾਨਸ਼ੀਨ ਨੂੰ ਪਿੱਠ ਥਾਪੜ ਕੇ ਆਸ਼ੀਰਵਾਦ ਦਿੱਤਾ। ਕਿਸੇ ਡੇਰੇ ਵਿਚ ਦੋ ਗੱਦੀਆਂ ਲੱਗਣ ਅਤੇ ਇੱਕ ਮੰਚ 'ਤੇ ਦੋ ਮੁਖੀਆਂ ਦੇ ਬਿਰਾਜਮਾਨ ਹੋਣ ਦਾ ਇਹ ਪਹਿਲਾ ਮਾਮਲਾ ਹੈ।



# ਕੁਲਦੀਪ ਧਾਲੀਵਾਲ ਤੇ ਪ੍ਰਤਾਪ ਬਾਜਵਾ ਵਿਚਾਲੇ ਤਿੱਖੀ ਨੋਕ-ਝੋਕ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ 'ਚ ਗੈਰਕਾਨੂੰਨੀ ਕਲੋਨੀਆਂ ਦੇ ਮੁੱਦੇ 'ਤੇ ਚੱਲ ਰਹੀ ਬਹਿਸ ਦੌਰਾਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਤਿੱਖੀ ਨੋਕ-ਝੋਕ ਹੋਈ। ਅੱਜ ਸਦਨ ਵਿਚ ਮਾਹੌਲ ਕੁਝ ਸਮੇਂ ਲਈ ਗਰਮਾ ਗਿਆ ਅਤੇ ਹਾਕਮ ਤੇ ਵਿਰੋਧੀ ਧਿਰ ਦੇ ਮੈਂਬਰ ਆਹਮੋ ਸਾਹਮਣੇ ਆ ਗਏ। ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿਚ ਕੁਲਦੀਪ ਸਿੰਘ ਧਾਲੀਵਾਲ ਨੇ ਬਿੱਲ 'ਤੇ ਬਹਿਸ ਦੌਰਾਨ ਆਖ ਦਿੱਤਾ ਕਿ ਅਕਾਲੀ ਅਤੇ ਕਾਂਗਰਸ ਦੀ ਹਕੂਮਤ ਦੌਰਾਨ ਗੈਰਕਾਨੂੰਨੀ ਕਲੋਨੀਆਂ ਬਣੀਆਂ ਸਨ। ਧਾਲੀਵਾਲ ਨੇ ਕਿਹਾ ਕਿ ਅੰਮ੍ਰਿਤਸਰ ਦੇ ਚਾਰ ਚੁਫੇਰੇ ਗੈਰਕਾਨੂੰਨੀ ਕਲੋਨੀਆਂ ਹਨ ਅਤੇ ਰਿਕਸ਼ੇ ਵਾਲਿਆਂ ਨੂੰ ਪਤਾ ਹੈ ਕਿ ਇਹ ਕਲੋਨੀਆਂ ਕਿਸ ਦੀਆਂ ਹਨ ਜਿਉਂ ਹੀ ਧਾਲੀਵਾਲ ਨੇ ਪ੍ਰਤਾਪ ਬਾਜਵਾ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਬਾਜਵਾ ਨੂੰ ਵੀ ਪਤਾ ਹੈ ਕਿ ਇਹ ਕਿਸ ਕਿਸ ਦੀ ਕਲੋਨੀ ਹੈ। ਇਸ ਮਗਰੋਂ ਬਾਜਵਾ ਭੜਕ ਉੱਠੇ ਅਤੇ ਉਨ੍ਹਾਂ ਨੇ ਕਿਹਾ ਕਿ ਬੇਬੁਨਿਆਦ ਇਲਜ਼ਾਮ ਲਾਉਣ ਦੀ ਥਾਂ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਬਾਜਵਾ ਨੇ



ਕਿਹਾ ਕਿ ਉਹ ਇਸ ਸਬੰਧੀ ਨਾਮ ਲੈਣ ਕਿ ਇਹ ਕਲੋਨੀਆਂ ਕਿਸ ਕਿਸ ਦੀਆਂ ਹਨ। ਇਸ ਤੋਂ ਬਾਅਦ ਬਾਜਵਾ ਤੇ ਕਾਂਗਰਸੀ ਵਿਧਾਇਕ ਖੜ੍ਹੇ ਹੋ ਗਏ ਅਤੇ ਇੱਧਰ ਸੱਤਾਧਾਰੀ ਧਿਰ ਦੇ ਵਿਧਾਇਕ ਵੀ ਤੈਸ਼ ਵਿਚ ਆ ਗਏ। ਇਸ ਦੌਰਾਨ ਮੁੱਖ ਮੰਤਰੀ ਵੀ ਵਿਰੋਧੀ ਧਿਰ 'ਤੇ ਤਨਜ਼ ਕੱਸਦੇ ਰਹੇ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਭ ਨੂੰ ਚੁੱਪ ਕਰਾ ਕੇ ਸਦਨ ਦੀ ਕਾਰਵਾਈ ਅੱਗੇ ਵਧਾਈ।

# ਪੁਲੀਸ ਨੂੰ ਚਕਮਾ ਦੇ ਕੇ ਮਟਕਾ ਚੌਕ ਪੁੱਜੇ ਮੁਲਾਜ਼ਮ ਤੇ ਪੈਨਸ਼ਨਰ

## ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਚੰਡੀਗੜ੍ਹ ਵਿੱਚ ਵਿਸ਼ਾਲ ਰੋਸ ਮੁਜ਼ਾਹਰਾ

ਚੰਡੀਗੜ੍ਹ : ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੀਟਿੰਗਾਂ ਦਾ ਸਮਾਂ ਦੇ ਕੇ ਮੁਕਰਨ ਦੇ ਰੋਸ ਵਜੋਂ 'ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ' ਵੱਲੋਂ ਅੱਜ ਸੈਕਟਰ 39 ਸਥਿਤ ਅਨਾਜ ਮੰਡੀ ਵਿੱਚ ਵਿਸ਼ਾਲ ਰੈਲੀ ਕਰਕੇ ਵਿਧਾਨ ਸਭਾ ਵੱਲ ਰੋਸ ਮੁਜ਼ਾਹਰਾ ਕੀਤਾ ਗਿਆ, ਜਦੋਂ ਇਸ ਰੋਸ ਮੁਜ਼ਾਹਰੇ ਨੂੰ ਚੰਡੀਗੜ੍ਹ ਪੁਲੀਸ ਨੇ ਅੱਗੇ ਵਧਣ ਤੋਂ ਰੋਕ ਦਿੱਤਾ ਤਾਂ ਕੁਝ ਮੁਲਾਜ਼ਮ ਅਤੇ ਪੈਨਸ਼ਨਰ ਪੁਲੀਸ ਨੂੰ ਚਕਮਾ ਦੇ ਕੇ ਸੈਕਟਰ 17 ਸਥਿਤ ਮਟਕਾ ਚੌਕ ਵਿੱਚ ਪੁੱਜਣ ਵਿੱਚ ਸਫ਼ਲ ਹੋ ਗਏ। ਓਐੱਸਡੀ ਵੱਲੋਂ ਮਟਕਾ ਚੌਕ ਵਿੱਚ ਪੁੱਜ ਕੇ 10 ਸਤੰਬਰ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਤੈਅ ਕਰਵਾਉਣ ਮਗਰੋਂ ਧਰਨਾ ਸਮਾਪਤ ਹੋ ਗਿਆ। ਇਸ ਮੌਕੇ ਕਰਮ ਸਿੰਘ ਧਨੋਆ, ਭਜਨ ਸਿੰਘ ਗਿੱਲ, ਸ਼ਿਵੰਦਰਪਾਲ ਮੋਲੋਵਾਲੀ, ਸਤੀਸ਼ ਰਾਣਾ, ਰਣਜੀਤ ਰਾਣਵਾਂ, ਜਰਮਨਜੀਤ ਸਿੰਘ, ਡਾ. ਐੱਨ. ਕੇ ਕਲਸੀ, ਬਾਜ ਸਿੰਘ ਖਹਿਰਾ, ਸੁਖਦੇਵ ਸਿੰਘ ਸੈਣੀ, ਸਰਬਜੀਤ ਸਿੰਘ ਭਾਣਾ, ਗੁਰਪ੍ਰੀਤ ਸਿੰਘ ਗਾਂਡੀਵਿੰਡ, ਐੱਨਡੀ ਤਿਵਾੜੀ ਰਾਧੇ ਸ਼ਿਆਮ, ਜਸਵੀਰ ਤਲਵਾੜਾ, ਜਗਦੀਸ਼ ਚਾਹਲ, ਦਿਗਵਿਜੇ ਪਾਲ, ਸੁਖਜੀਤ ਸਿੰਘ, ਬੋਬਿੰਦਰ ਸਿੰਘ, ਕਰਮਜੀਤ ਸਿੰਘ ਬੀਹਲਾ ਨੇ ਕਿਹਾ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2.59 ਦਾ ਗੁਣਾਂਕ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ, ਪਰਖ ਕਾਲ ਦੌਰਾਨ ਮੁੱਢਲੀ ਤਨਖਾਹ ਦੇਣ ਸਬੰਧੀ 15-01-2015 ਅਤੇ 05-09-2016 ਦੇ ਪੱਤਰਾਂ ਨੂੰ ਰੱਦ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਸਣੇ ਸਮੁੱਚੇ ਭੱਤੇ 'ਤੇ ਏਸੀਪੀ ਬਹਾਲ ਕਰਨ, ਰੋਕੇ ਗਏ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਬਕਾਏ ਜਾਰੀ ਕਰਨ ਅਤੇ ਥੋਪੇ ਗਏ ਡਿਵੈਲਪਮੈਂਟ ਟੈਕਸ ਨੂੰ ਬੰਦ ਕਰਨ ਤੋਂ ਟਾਲ-ਮਟੋਲ ਕਰ ਰਹੀ ਹੈ। ਸਾਂਝੇ ਫਰੰਟ ਦੇ ਆਗੂਆਂ ਹਰਦੀਪ ਟੋਡਰਪੁਰ, ਤੀਰਥ ਬਾਸੀ, ਹਰਜੰਟ ਸਿੰਘ ਬੋਡੇ, ਸੁਰਿੰਦਰ ਕੁਮਾਰ ਪੁਆਰੀ, ਧਨਵੰਤ ਸਿੰਘ ਭੱਠਲ, ਜਵੰਧਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਕੁਝ ਫੈਸਲੇ ਕਰਕੇ ਕਰੋੜਾਂ ਰੁਪਏ ਇਸ਼ਤਿਹਾਰਬਾਜ਼ੀ ਵਿੱਚ ਬਰਬਾਦ ਕਰਕੇ ਪੰਜਾਬ ਅਤੇ ਦੂਜੇ ਸੂਬਿਆਂ ਦੇ ਲੋਕਾਂ ਨੂੰ ਬੁੱਧੂ ਬਣਾਉਣ ਦਾ ਕੰਮ ਕੀਤਾ ਹੈ, ਜਦਕਿ ਹਕੀਕੀ ਰੂਪ ਵਿੱਚ ਨਾ ਕਿਸੇ ਮੁਲਾਜ਼ਮ ਨੂੰ ਪੱਕਾ ਕੀਤਾ ਗਿਆ ਹੈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਹੈ। ਫਰੰਟ ਦੇ ਆਗੂਆਂ ਦਰਸ਼ਨ ਸਿੰਘ ਲੁਬਾਣਾ, ਬਲਜੀਤ ਸਿੰਘ ਬਰਾੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੀਟਿੰਗ ਦਾ ਸਮਾਂ ਦੇ ਕੇ ਮੁੱਕਰਨ ਦਾ ਰਿਕਾਰਡ ਕਾਇਮ ਕਰ ਚੁੱਕੇ ਹਨ। ਇਸ ਲਈ ਹੁਣ ਸਰਕਾਰ ਵੱਲੋਂ ਦਿੱਤੀਆਂ ਮੀਟਿੰਗਾਂ 'ਤੇ ਭਰੋਸਾ ਨਾ ਕਰਕੇ ਸੰਘਰਸ਼ ਜਾਰੀ ਰੱਖਿਆ ਜਾਵੇਗਾ



# ਪੁਣੇ 'ਚ ਹਰਿਮੰਦਰ ਸਾਹਿਬ ਦੀ ਨਕਲ ਕਰਕੇ ਪੰਡਾਲ ਬਣਾਉਣ ਦਾ ਵਿਰੋਧ



ਅੰਮ੍ਰਿਤਸਰ : ਮਹਾਰਾਸ਼ਟਰ ਦੇ ਪੁਣੇ ਦੇ ਕੈਂਪ ਏਰੀਏ ਵਿੱਚ ਗਣਪਤੀ ਉਤਸਵ ਲਈ ਸੱਚਖੰਡ ਹਰਿਮੰਦਰ ਸਾਹਿਬ ਦੀ ਨਕਲ ਕਰ ਕੇ ਪੰਡਾਲ ਬਣਾਉਣ ਦਾ ਸ਼ਖਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖ ਭਾਵਨਾਵਾਂ ਭੜਕਾਉਣ ਦੀ ਕਾਰਵਾਈ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸੰਗਤ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਪੁਣੇ ਸ਼ਹਿਰ ਦੇ ਕੈਂਪ ਏਰੀਆ ਵਿੱਚ ਗਣਪਤੀ ਪੂਜਾ ਲਈ ਸੱਚਖੰਡ ਹਰਿਮੰਦਰ ਸਾਹਿਬ ਦੀ ਨਕਲ ਕਰਕੇ ਪੰਡਾਲ ਤਿਅਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਪੁਣੇ ਦੀ ਸਿੱਖ ਸੰਗਤ ਅਨੁਸਾਰ ਇਸ ਕੰਮ ਵਿੱਚ ਸ਼ਹਿਰ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਕੈਂਪ ਏਰੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ, ਜੋ ਹੋਰ ਵੀ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਕੁੱਝ ਲੋਕਾਂ ਵੱਲੋਂ ਜਾਣਬੁਝ ਕਿ ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਅਸਥਾਨਾਂ ਦੀ ਨਕਲ ਕੀਤੀ ਜਾਂਦੀ ਹੈ। ਇਸ ਨਾਲ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਸਿੱਖ ਰਵਾਇਤਾਂ, ਪ੍ਰੰਪਰਾਵਾਂ ਅਤੇ ਸਿਧਾਂਤਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨਕਲ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੁਣੇ ਵਿੱਚ ਇਕ ਟੀਮ ਨੂੰ ਪੜਤਾਲ ਲਈ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੜਤਾਲ ਦੌਰਾਨ ਜੇ ਗੁਰਦੁਆਰਾ ਕਮੇਟੀ ਵੀ ਦੋਸ਼ੀ ਹੋਈ ਤਾਂ ਅਕਾਲ ਤਖ਼ਤ ਸਾਹਿਬ ਨੂੰ ਕਾਰਵਾਈ ਲਈ ਲਿਖਿਆ ਜਾਵੇਗਾ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਅਜਿਹੇ ਮਾਮਲੇ ਤੁਰੰਤ ਸ਼੍ਰੋਮਣੀ ਕਮੇਟੀ ਦੇ ਧਿਆਨ ਵਿੱਚ ਲਿਆਂਦੇ ਜਾਣ।

## ਪੁਲੀਸ ਮੁਕਾਬਲੇ 'ਚ ਜੱਗੂ ਭਗਵਾਨਪੁਰੀਆ ਦਾ ਨੇੜਲਾ ਸਾਥੀ ਗ੍ਰਿਫ਼ਤਾਰ

ਜਲੰਧਰ : ਇਥੋਂ ਦੀ ਪੁਲੀਸ ਨਾਲ ਮੁਕਾਬਲੇ ਤੋਂ ਬਾਅਦ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਨੇੜਲੇ ਸਾਥੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਕੀਤਾ ਗਿਆ ਹੈ। ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਕਰੀਬੀ ਸਾਥੀ ਜਸਕਰਨ ਗੁੱਜਰ ਉਰਫ਼ ਕੰਨੂ ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਰਾਮਪੁਰ ਬਿੱਲਰਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕੰਨੂ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ ਕਿ ਉਹ ਸ਼ਹਿਰ 'ਚ ਵੱਡੀ ਵਾਰਦਾਤ ਕਰਨ ਦੀ ਸਾਜ਼ਿਸ਼ਘੜ ਰਹੇ ਹਨ ਅਤੇ ਸ਼ਹਿਰ ਦੇ ਹੈਮਿਲਟਨ ਟਾਵਰ ਦੇ ਪਿਛਲੇ ਪਾਸੇ ਨਾਜਾਇਜ਼ ਹਥਿਆਰ ਛੁਪਾਏ ਹੋਏ ਹਨ, ਜਿਸ ਤੋਂ ਬਾਅਦ ਪੁਲੀਸ ਉਸ ਨੂੰ ਉਸਤ ਸਥਾਨ 'ਤੇ ਲੈ ਕੇ ਗਈ।

## ਪੁਲੀਸ ਤੇ ਹੋਰ ਵਿਭਾਗਾਂ ਦੀਆਂ 'ਕਾਲੀਆਂ ਭੇਡਾਂ' ਦੀ ਪਛਾਣ ਕਰੋ: ਸਪੀਕਰ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸੂਬੇ ਦੇ ਗ੍ਰਹਿ ਸਕੱਤਰ ਨੂੰ ਪੱਤਰ ਲਿਖ ਕੇ ਪੰਜਾਬ ਪੁਲੀਸ ਤੇ ਹੋਰਨਾਂ ਵਭਾਗਾਂ ਵਿਚਲੀਆਂ 'ਕਾਲੀਆਂ ਭੇਡਾਂ' ਬਾਰੇ ਰਿਪੋਰਟ ਮੰਗ ਲਈ ਹੈ। ਕੱਲ੍ਹ ਸਦਨ 'ਚ ਸਪੀਕਰ ਨੇ ਏਐਸਆਈ ਬੋਹੜ ਸਿੰਘ ਮਾਮਲੇ ਬਾਰੇ ਡੀਜੀਪੀ ਤੋਂ ਰਿਪੋਰਟ ਮੰਗੀ ਸੀ। ਅੱਜ ਸਦਨ ਵਿਚ ਇਹ ਮੁੱਦਾ ਹੀ ਗ਼ਾਇਬ ਰਿਹਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅੱਜ ਇਸ ਬਾਰੇ ਗੱਲ ਤੱਕ ਨਹੀਂ ਛੇੜੀ। ਸਪੀਕਰ ਨੇ ਦੱਸਿਆ ਕਿ ਉਨ੍ਹਾਂ ਨੇ ਗ੍ਰਹਿ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਨੂੰ ਪੱਤਰ ਲਿਖ ਕੇ ਸਾਰੀਆਂ ਕਾਲੀਆਂ ਭੇਡਾਂ ਦੀ ਪਛਾਣ ਕਰਨ ਲਈ ਕਿਹਾ ਹੈ ਤੇ ਪੁੱਛਿਆ ਹੈ ਕਿ ਅਜਿਹੇ ਅਧਿਕਾਰੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ।




Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*



**Sharanjit Singh Thind**
licensed Insurance Broker
(Service with Honesty & Smile, Since 2012)
Phone: 646 875 8495
Email: nlightinsurance18@gmail.com

# ਮਾਲੀਵਾਲ ਹਮਲਾ ਕੇਸ: ਬਿਭਵ ਕੁਮਾਰ ਜੇਲ੍ਹ ਤੋਂ ਰਿਹਾਅ

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਾਥੀ ਬਿਭਵ ਕੁਮਾਰ ਨੂੰ ਸਵਾਤੀ ਮਾਲੀਵਾਲ ’ਤੇ ਹਮਲੇ ਦੇ ਕੇਸ ’ਚ ਜ਼ਮਾਨਤ ਮਿਲਣ ਮਗਰੋਂ ਅੱਜ ਤਿਹਾੜ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਉਹ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਤਿਹਾੜ ਜੇਲ੍ਹ ’ਚ ਬੰਦ ਸੀ। ਸੂਤਰਾਂ ਨੇ ਦੱਸਿਆ ਕਿ ਬਿਭਵ ਕੁਮਾਰ ਨੂੰ ਬਾਅਦ ਦੁਪਹਿਰ 2 ਵਜੇ ਜੇਲ੍ਹ ਨੰਬਰ 5 ਤੋਂ ਰਿਹਾਅ ਕੀਤਾ ਗਿਆ। ਦੱਸਣਯੋਗ ਹੈ ਕਿ ਵਿਭਵ ਕੁਮਾਰ ਨੇ 13 ਮਈ ਨੂੰ ਕੇਜਰੀਵਾਲ ਦੀ ਅਧਿਕਾਰਤ ਰਿਹਾਇਸ਼ ’ਤੇ ਸਵਾਤੀ ਮਾਲੀਵਾਲ ’ਤੇ ਕਥਿਤ ਹਮਲਾ ਕਰ ਦਿੱਤਾ ਸੀ। ਦਿੱਲੀ ਪੁਲੀਸ ਨੇ ਉਸ ਨੂੰ 18 ਮਈ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਸੁਪਰੀਮ ਕੋਰਟ ਨੇ ਲੰਘੇ ਦਿਨ ਕੁਮਾਰ ਨੂੰ ਜ਼ਮਾਨਤ ਦੇ ਦਿੱਤੀ ਸੀ ਅਤੇ ਕਿਹਾ ਸੀ ਕਿ ਉਹ 100 ਦਿਨਾਂ ਤੋਂ ਵੱਧ ਸਮੇਂ ਤੋਂ ਜੇਲ੍ਹ ’ਚ ਬੰਦ ਹੈ। ਜਸਟਿਸ ਸੂਰਿਆ ਕਾਂਤ ਅਤੇ ਉੱਜਲ ਭੂਈਆਂ ਦੇ ਬੈਂਚ ਨੇ ਇਸ ਗੱਲ ਦਾ ਵੀ ਨੋਟਿਸ ਲਿਆ ਕਿ ਸਰਕਾਰੀ ਧਿਰ ਨੇ 51 ਗਵਾਹਾਂ ਤੋਂ ਪੁੱਛ ਪੜਤਾਲ ਦੀ ਤਜਵੀਜ਼ ਰੱਖੀ ਹੈ ਅਤੇ ਕਿਹਾ ਸੀ ਕਿ ਸੁਣਵਾਈ ਪੂਰੀ ਹੋਣ ਵਿੱਚ ਸਮਾਂ ਲੱਗੇਗਾ। ਬੈਂਚ ਨੇ ਇਹ ਵੀ ਆਖਿਆ ਸੀ ਕਿ ਕੇਸ ’ਚ ਦੋਸ਼ ਪੱਤਰ ਪਹਿਲਾਂ ਹੀ ਦਾਇਰ ਕੀਤਾ ਜਾ ਚੁੱਕਾ ਹੈ ਅਤੇ ਇਸ ਕਰਕੇ ਬਿਭਵ ਕੁਮਾਰ ਦੀ ਜ਼ਮਾਨਤ ਨਾਲ ਕੇਸ ਦੀ ਜਾਂਚ ’ਤੇ ਕੋਈ ਅਸਰ ਨਹੀਂ ਪਵੇਗਾ।

# ਔਰਤਾਂ ਤੋਂ ਬਿਨਾ ਦੇਸ਼ ਦੀ ਤਰੱਕੀ ਨਹੀਂ ਹੋ ਸਕਦੀ: ਮੁਰਮੂ


ਮੁੰਬਈ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਔਰਤਾਂ ਪ੍ਰਤੀ ਨਜ਼ਰੀਏ ’ਚ ਬਦਲਾਅ ਦੀ ਜ਼ਰੂਰਤ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਸਮਾਜਿਕ-ਆਰਥਿਕ ਅਤੇ ਵਿਦਿਅਕ ਵਿਕਾਸ ਤੋਂ ਬਿਨਾ ਦੇਸ਼ ਦੀ ਪੂਰੀ ਤਰ੍ਹਾਂ ਤਰੱਕੀ ਨਹੀਂ ਹੋ ਸਕਦੀ। ਮੁੰਬਈ ਵਿੱਚ ਮਹਾਰਾਸ਼ਟਰ ਵਿਧਾਨ ਪਰਿਸ਼ਦ ਦੇ ਸ਼ਤਾਬਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁਰਮੂ ਨੇ ਕਿਹਾ ਕਿ ਭਾਰਤ ਦੀ ਅੱਧੀ ਆਬਾਦੀ ਔਰਤਾਂ ਦੀ ਹੈ ਅਤੇ ਦੇਸ਼ ਨੂੰ ਅੱਗੇ ਲਿਜਾਣ ਲਈ ਵੱਖ-ਵੱਖ ਖੇਤਰਾਂ ਵਿੱਚ ਉਨ੍ਹਾਂ ਦੀ ਸਰਗਰਮ ਹਿੱਸੇਦਾਰੀ ਜ਼ਰੂਰੀ ਹੈ। ਉਨ੍ਹਾਂ ਕਿਹਾ, ‘ਔਰਤਾਂ ਦੀ ਸਮਾਜਿਕ-ਆਰਥਿਕ ਅਤੇ ਵਿਦਿਅਕ ਤਰੱਕੀ ਤੋਂ ਬਿਨਾ ਦੇਸ਼ ਦਾ




ਉਸ ਤਰ੍ਹਾਂ ਵਿਕਾਸ ਨਹੀਂ ਹੋ ਸਕਦਾ ਜਿਵੇਂ ਹੋਣਾ ਚਾਹੀਦਾ ਹੈ।’ ਰਾਸ਼ਟਰਪਤੀ ਨੇ ਕਿਹਾ ਕਿ ਔਰਤਾਂ ਹੁਣ ਅੱਗੇ ਵਧ ਰਹੀਆਂ ਹਨ। ਭਵਿੱਖ ਵਿੱਚ ਉਹ ‘ਚੱਲਣ, ਦੌੜਨ, ਉੱਡਣ’ ਅਤੇ ਦੇਸ਼ ਦੇ ਵਿਕਾਸ ਵਿੱਚ ਹੋਰ ਯੋਗਦਾਨ ਪਾਉਣਗੀਆਂ। ਇਸ ਦੌਰਾਨ ਪੁਣੇ ਵਿੱਚ ‘ਸਿੰਬਾਇਓਸਿਸ ਇੰਟਰਨੈਸ਼ਨਲ’ (ਡੀਮਡ ਯੂਨੀਵਰਸਿਟੀ) ਦੀ 21ਵੀਂ ਕਾਨਵੋਕੇਸ਼ਨ ਨੂੰ ਸੰਬੋਧਨ ਕਰਦਿਆਂ ਮੁਰਮੂ ਨੇ ਸਿੱਖਿਆ ਪ੍ਰਣਾਲੀ ਵਿੱਚ ਖੋਜ ਨੂੰ ਉਤਸ਼ਾਹਿਤ ਕਰਨ ਦੀ ਲੋੜ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤ ਦੇ ਖੋਜਕਰਤਾ ਨਾ ਸਿਰਫ ਦੇਸ਼, ਸਗੋਂ ਦੁਨੀਆ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਲੱਭਣ ਦੇ ਸਮਰੱਥ ਹਨ।


# ਕਾਂਗਰਸ ਦੀ ਮਜ਼ਬੂਤੀ ਲਈ ਖੜਗੇ ਤੇ ਰਾਹੁਲ ਵੱਲੋਂ ਪਾਰਟੀ ਸਕੱਤਰਾਂ ਨਾਲ ਮੀਟਿੰਗ

ਨਵੀਂ ਦਿੱਲੀ : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਇੱਥੇ ਆਲ ਇੰਡੀਆ ਕਾਂਗਰਸ ਕਮੇਟੀ (ਏਆਈਸੀਸੀ) ਦੇ ਸਕੱਤਰਾਂ ਅਤੇ ਜੁਆਇੰਟ ਸਕੱਤਰਾਂ ਨਾਲ ਮੀਟਿੰਗ ਕੀਤੀ ਅਤੇ ਇਸ ਦੌਰਾਨ ਜਥੇਬੰਦਕ ਮਜ਼ਬੂਤੀ ਦੇ ਢੰਗ-ਤਰੀਕਿਆਂ ਬਾਰੇ ਚਰਚਾ ਕੀਤੀ ਗਈ। ਸੂਤਰਾਂ ਨੇ ਦੱਸਿਆ ਕਿ ਖੜਗੇ ਅਤੇ ਗਾਂਧੀ ਨੇ ਇੱਥੇ ਕਾਂਗਰਸ ਮੁੱਖ ਦਫ਼ਤਰ ਵਿੱਚ ਇਨ੍ਹਾਂ ਆਗੂਆਂ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਦੇ ਨਾਲ ਹੀ ਪਾਰਟੀ ਦਾ ਲੋਕ ਆਧਾਰ ਵਧਾਉਣ ’ਤੇ ਉਨ੍ਹਾਂ ਦੀ ਪ੍ਰਤੀਕਿਰਿਆ ਮੰਗੀ। ਇਹ ਮੀਟਿੰਗ ਵੱਡੇ ਜਥੇਬੰਦਕ ਫੇਰਬਦਲ ਦੇ ਕੁੱਝ ਦਿਨਾਂ




ਮਗਰੋਂ ਹੋਈ ਹੈ। ਇਸ ਫੇਰਬਦਲ ਵਿੱਚ ਪਾਰਟੀ ਨੇ ਕੁੱਝ ਅਹੁਦੇਦਾਰਾਂ ਦੇ ਪ੍ਰਭਾਵ ਵਾਲੇ ਸੂਬਿਆਂ ਵਿੱਚ ਬਦਲਾਅ ਕੀਤਾ ਸੀ, ਜਦਕਿ ਕਈ ਨਵੇਂ ਸਕੱਤਰਾਂ ਅਤੇ ਜੁਆਇੰਟ ਸਕੱਤਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਸਨ। ਖੜਗੇ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਇੱਕ ਪੋਸਟ ਵਿੱਚ ਕਿਹਾ ਕਿ ਕਾਂਗਰਸ ਹਰੇਕ ਭਾਰਤੀ ਤੱਕ ਰਾਬਤਾ ਬਣਾਏਗੀ। ਉਨ੍ਹਾਂ ਕਿਹਾ, ‘‘ਅਸੀਂ ਏਆਈਸੀਸੀ ਦੇ ਨਵ-ਨਿਯੁਕਤ ਸਕੱਤਰਾਂ ਤੇ ਜੁਆਇੰਟ ਸਕੱਤਰਾਂ ਦੀ ਮੀਟਿੰਗ ਦੀ ਪ੍ਰਧਾਨ ਕੀਤੀ ਹੈ। ਅਸੀਂ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ, ਹਰੇਕ ਆਵਾਜ਼ ਨੂੰ ਨਾਲ ਲੈ ਕੇ ਚੱਲਣ ਅਤੇ ਸੱਤਾ ਨੂੰ ਸੱਚ ਦਾ ਸ਼ੀਸ਼ਾ ਦਿਖਾਉਣ ਲਈ ਦ੍ਰਿੜ੍ਹ ਹਾਂ।



# ਸਰਹੱਦੀ ਪਿੰਡਾਂ ਨੂੰ ਭਾਜਪਾ ਦਾ ਗੜ੍ਹ ਬਣਾਇਆ ਜਾਵੇ: ਮੋਦੀ



## ਮੋਦੀ ਨੇ ਸਿਆਸਤ ਵਿੱਚ ਭਰੋਸੇਯੋਗਤਾ ਦਾ ਸੰਕਟ ਖ਼ਤਮ ਕੀਤਾ: ਰਾਜਨਾਥ ਸਿੰਘ

ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਦੌਰਾਨ ਸੰਬੋਧਨ ਕਦਿਆਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਆਸਤ ਵਿੱਚ ਭਰੋਸੇਯੋਗਤਾ ਦੇ ਸੰਕਟ ਨੂੰ ਖਤਮ ਕਰ ਦਿੱਤਾ ਹੈ। ਹੁਣ ਭਾਜਪਾ ਨੂੰ ਸਭ ਤੋਂ ਭਰੋਸੇਮੰਦ ਪਾਰਟੀ ਵਜੋਂ ਦੇਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਲਗਾਤਾਰ ਆਪਣੀ ਵਿਚਾਰਧਾਰਾ ਦਾ ਪਾਲਣ ਕੀਤਾ ਹੈ ਅਤੇ ਸਮਾਜ ਦੇ ਨਿਰਮਾਣ ਲਈ ਕੰਮ ਕੀਤਾ ਹੈ। ਪਾਰਟੀ ਪ੍ਰਧਾਨ ਜੇਪੀ ਨੱਢਾ ਨੇ ਕਿਹਾ ਕਿ ਭਾਜਪਾ ਹੀ ਇਕ ਅਜਿਹੀ ਸਿਆਸੀ ਪਾਰਟੀ ,ਹੈ ਜੋ ਲੋਕਤੰਤਰੀ ਢੰਗ ਨਾਲ ਚਲਾਈ ਜਾਂਦੀ ਹੈ ਅਤੇ ਆਪਣੇ ਸੰਵਿਧਾਨ ਦੀ ਪਾਲਣਾ ਕਰਦੀ ਹੈ। ਵਿਰੋਧੀਆਂ ’ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਗੁਪਤ ਤਰੀਕੇ ਨਾਲ ਕੰਮ ਨਹੀਂ ਕਰਦੀ, ਸਗੋਂ ਪਾਰਦਰਸ਼ੀ ਪ੍ਰਕਿਰਿਆ ਦਾ ਪਾਲਣ ਕਰਦੀ ਹੈ।

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਵਿਰੋਧੀ ਪਾਰਟੀਆਂ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਇਨ੍ਹਾਂ ’ਚੋਂ ਕੁੱਝ ਪਾਰਟੀਆਂ ਅਜਿਹੀਆਂ ਉਦਾਹਰਣਾਂ ਹਨ ਕਿ ਜਦੋਂ ਸਿਆਸੀ ਜਥੇਬੰਦੀਆਂ ਅੰਦਰੂਨੀ ਲੋਕਤੰਤਰ ਦੀ ਪਾਲਣਾ ਨਹੀਂ ਕਰਦੀਆਂ, ਤਾਂ ਕੀ ਹੁੰਦਾ ਹੈ। ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਦੀ ਸ਼ੁਰੂਆਤ ਮੌਕੇ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਜਦੋਂ ਭਾਜਪਾ ਇਸ ਮੁਹਿੰਮ ਰਾਹੀਂ ਖ਼ੁਦ ਨੂੰ ਹੋਰ ਮਜ਼ਬੂਤ ਕਰੇਗੀ ਤਾਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਹੋਵੇਗਾ। ਉਨ੍ਹਾਂ ਭਾਜਪਾ ਮੈਂਬਰਾਂ ਨੂੰ ਰਚਨਾਤਮਕ ਤਰੀਕੇ ਨਾਲ ਸੋਚਣ ਅਤੇ ਸਰਹੱਦੀ ਪਿੰਡਾਂ ਨੂੰ ਪਾਰਟੀ ਦਾ ਗੜ੍ਹ ਬਣਾਉਣ ਲਈ ਕਿਹਾ।

ਹਰ ਛੇ ਸਾਲ ਬਾਅਦ ਚਲਾਈ ਜਾਣ ਵਾਲੀ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਦੌਰਾਨ ਮੌਜੂਦਾ ਮੈਂਬਰਾਂ ਦੀ ਮੈਂਬਰਸ਼ਿਪ ਨਵਿਆਈ ਜਾਂਦੀ ਹੈ ਅਤੇ ਨਵੇਂ ਮੈਂਬਰਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਇਸ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਮੋਦੀ ਨੂੰ ਪਹਿਲੇ ਮੈਂਬਰ ਵਜੋਂ ਨਾਮਜ਼ਦ ਕੀਤਾ। ਸ੍ਰੀ ਮੋਦੀ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ 10 ਸਾਲ ਪਹਿਲਾਂ ਹੋਏ ਘੁਟਾਲਿਆਂ ਦੀਆਂ ਸੁਰਖੀਆਂ ਬਾਰੇ ਨਹੀਂ ਪਤਾ। ਉਨ੍ਹਾਂ ਪਾਰਟੀ ਆਗੂਆਂ ਨੂੰ ਮੈਂਬਰਸ਼ਿਪ ਮੁਹਿੰਮ ਤਹਿਤ 18 ਤੋਂ 25 ਸਾਲ ਦੇ ਉਮਰ ਵਰਗ ’ਤੇ ਧਿਆਨ ਦੇਣ ਲਈ ਕਿਹਾ। ਉਨ੍ਹਾਂ ਲੋਕ ਸਭਾ ਵਿੱਚ ਦੋ ਸੰਸਦ ਮੈਂਬਰਾਂ ਵਾਲੀ ਪਾਰਟੀ ਵਜੋਂ ਸ਼ੁਰੂਆਤ ਕਰਨ ਵਾਲੀ ਭਾਜਪਾ ਦੇ ਉਭਾਰ ਦਾ ਸਿਹਰਾ ਪਾਰਟੀ ਦੀ ਵਿਚਾਰਧਾਰਾ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਗਿਣਤੀ ਬਾਰੇ ਨਹੀਂ ਸਗੋਂ ਇਹ ਵਿਚਾਰਧਾਰਕ ਅਤੇ ਭਾਵਨਾਤਮਕ ਮੁਹਿੰਮ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਮੁੜ ‘ਭਾਰਤ ਵਿਜੈ’ ਅਤੇ ‘ਭਾਜਪਾ ਵਿਜੈ’ ਮੁਹਿੰਮ ਦੀ ਸ਼ੁਰੂਆਤ ਕਰੇਗੀ। ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਦੀ ਸ਼ੁਰੂਆਤ ਮੌਕੇ ਉਨ੍ਹਾਂ ਕਿਹਾ ਕਿ ਇਹ ਮੁਹਿੰਮ ਪਾਰਟੀ ਨੂੰ ਮੁੜ ਸੁਰਜੀਤ ਕਰੇਗੀ।

# ਹਰਿਆਣਾ ’ਚ ਗੱਠਜੋੜ ਲਈ ਕਾਂਗਰਸ ਤੇ ‘ਆਪ’ ਵਿਚਾਲੇ ਗੱਲਬਾਤ

ਨਵੀਂ ਦਿੱਲੀ : ਕਾਂਗਰਸ ਨੇ ਅੱਜ ਕਿਹਾ ਕਿ ਉਹ ਹਰਿਆਣਾ ਵਿਧਾਨ ਸਭਾ ਚੋਣਾ ਵਿੱਚ ਗੱਠਜੋੜ ਲਈ ਆਮ ਆਦਮੀ ਪਾਰਟੀ ਨਾਲ ਗੱਲਬਾਤ ਕਰ ਰਹੀ ਹੈ ਪਰ ਅਜੇ ਤੱਕ ਕੁਝ ਵੀ ਤੈਅ ਨਹੀਂ ਹੋਇਆ ਹੈ। ਅਜਿਹੀਆਂ ਕਈ ਖ਼ਬਰਾਂ ਆਈਆਂ ਹਨ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸੋਮਵਾਰ ਨੂੰ ਕਾਂਗਰਸ ਦੀ ਕੇਂਦਰੀ ਚੋਣ ਕਮੇਟੀ (ਸੀਈਸੀ) ਦੀ ਮੀਟਿੰਗ ਵਿੱਚ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਲਈ ‘ਆਪ’ ਨਾਲ ਗੱਠਜੋੜ ਦੀ ਸੰਭਾਵਨਾ ਬਾਰੇ ਰੁਚੀ ਦਿਖਾਈ ਹੈ।‘ਆਪ’ ਨਾਲ ਗੱਠਜੋੜ ਦੀ ਸੰਭਾਵਨਾ ਬਾਰੇ ਪੁੱਛੇ ਜਾਣ ’ਤੇ ਕਾਂਗਰਸ ਦੇ ਪ੍ਰਦੇਸ਼ ਮਾਮਲਿਆਂ ਦੇ ਇੰਚਾਰਜ ਤੇ ਜਨਰਲ ਸਕੱਤਰ ਦੀਪਕ ਬਾਬਰੀਆ ਨੇ ਕਿਹਾ, ‘ਅਸੀਂ ‘ਆਪ’ ਨਾਲ ਗੱਲਬਾਤ ਕਰ ਰਹੇ ਹਾਂ ਪਰ ਅਜੇ ਤੱਕ ਕੋਈ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ। ਜਿਵੇਂ ਹੀ ਕੁਝ ਤੈਅ ਹੋਵੇਗਾ, ਅਸੀਂ ਤੁਹਾਨੂੰ ਸੂਚਿਤ ਕਰਾਂਗੇ।’ ਇਕ ਹੋਰ ਸਵਾਲ ’ਤੇ ਬਾਬਰੀਆ ਨੇ ਕਿਹਾ, ‘ਅਸੀਂ ਭਾਜਪਾ ਨੂੰ ਹਰਾਉਣਾ ਹੈ ਅਤੇ ਵੋਟਾਂ ਨੂੰ ਵੰਡਣ ਨਹੀਂ ਦੇਣਾ ਹੈ।’ ਪਹਿਲਵਾਨ ਵਿਨੇਸ਼ ਫੋਗਾਟ ਨੂੰ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਉਤਾਰਨ ਸਬੰਧੀ ਸਵਾਲ ’ਤੇ ਉਨ੍ਹਾਂ ਕਿਹਾ, ‘ਭਲਕ ਤੱਕ ਸਥਿਤੀ ਸਪੱਸ਼ਟ ਹੋ ਜਾਵੇਗੀ।” ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲਈ ਵੋਟਾਂ 5 ਅਕਤੂਬਰ ਨੂੰ ਪੈਣੀਆਂ ਹਨ ਅਤੇ ਵੋਟਾਂ ਦੀ ਗਿਣਤੀ 8 ਅਕਤੂਬਰ ਨੂੰ ਹੋਵੇਗੀ।ਆਮ ਆਦਮੀ ਪਾਰਟੀ ਦੇ ਆਗੂ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਅੱਜ ਉਨ੍ਹਾਂ ਖ਼ਬਰਾਂ ਦਾ ਸਵਾਗਤ ਕੀਤਾ ਹੈ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਹਰਿਆਣਾ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨਾਲ ਗੱਠਜੋੜ ਦੀ ਸੰਭਾਵਨਾ ਵਿੱਚ ਰੁਚੀ ਦਿਖਾਈ ਹੈ। ਸੰਜੇ ਸਿੰਘ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਜਪਾ ਨੂੰ ਹਰਾਉਣਾ ਸਾਰੀਆਂ ਵਿਰੋਧੀ ਪਾਰਟੀਆਂ ਦੀ ਤਰਜੀਹ ਹੈ ਅਤੇ ਗੱਠਜੋੜ ਦੇ ਸਬੰਧ ਵਿੱਚ ਕੋਈ ਵੀ ਫੈਸਲਾ ‘ਆਪ’ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮਨਜ਼ੂਰੀ ਨਾਲ ਹੋਵੇਗਾ।






# 'ਫੈਸਟੀਵਲ ਆਫ਼ ਫੇਥਸ' ਵਿੱਚ ਸਿੱਖਾਂ ਨੇ ਕੀਤੀ ਸ਼ਮੂਲੀਅਤ, ਮਹਿਮਾਨਾਂ ਦੇ ਸਜਾਈਆਂ ਗਈਆਂ ਦਸਤਾਰਾਂ

## ਮਹਿਮਾਨਾਂ ਨੂੰ ਦਸਤਾਰਾਂ ਬੰਨਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਾਉਣ ਲਈ ਸੈਸ਼ਨ ਦਾ ਪ੍ਰਬੰਧ ਕੀਤਾ




ਨਿਊਯਾਰਕ: ਬੀਤੇ ਦਿਨ ਅਮਰੀਕਾ ਦੇ ਸੂਬੇ ਓਹਾਈਓ ਦੇ ਸ਼ਹਿਰ ਸਿਨਸਿਨੈਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਸੱਤਵਾਂ ਸਲਾਨਾ 'ਸਿਨਸਨੈਟੀ ਫੈਸਟੀਵਲ ਆਫ ਫੇਥਸ' (ਵਿਸ਼ਵ ਧਰਮ ਸੰਮੇਲਨ) ਦਾ ਆਯੋਜਨ ਕੀਤਾ ਗਿਆ। 'ਇਕੁਏਜ਼ਨ'ਸੰਸਥਾ ਵੱਲੋਂ ਕਰਵਾਏ ਜਾਂਦੇ ਇਸ ਸੰਮੇਲਨ ਵਿੱਚ ਤਕਰੀਬਨ 13 ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 30 ਤੋਂ ਵੱਧ ਧਾਰਮਿਕ ਸੰਸਥਾਵਾਂ ਇਕ ਵਾਰ ਫਿਰ ਇਕਜੁੱਟ ਹੋਈਆਂ ਅਤੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਬਾਰੇ ਸਿੱਖਿਆ ਦੇਣ ਅਤੇ ਸਿੱਖਿਆ ਲੈਣ ਲਈ, ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਇਸ ਸਮਾਗਮ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿੱਖ ਕਮਿਊਨਿਟੀ ਦੇ ਕਾਰਕੁੰਨ ਨੇ ਦੱਸਿਆ ਕਿ ਸਿਨਸਿਨੈਟੀ ਅਤੇ ਨੇੜਲੇ ਸ਼ਹਿਰ ਡੇਟਨ ਦੇ ਸਿੱਖਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ।ਅਤੇ ਪਿਛਲੇ ਸਾਲ ਵਾਂਗ ਸਿੱਖ ਭਾਈਚਾਰੇ ਵੱਲੋਂ ਆਏ ਹੋਏ ਮਹਿਮਾਨਾਂ ਲਈ ਲੰਗਰ ਦੀ ਵੀ ਸੇਵਾ ਕੀਤੀ ਗਈ। ਆਏ ਹੋਏ ਮਹਿਮਾਨਾਂ ਨੂੰ ਸਿੱਖ ਧਰਮ ਵਿੱਚ ਲੰਗਰ ਅਤੇ ਸੇਵਾ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ।ਇਸ ਫੈਸਟੀਵਲ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਦੇ ਨਾਲ ਸ਼ੁਰੂ ਹੋਇਆ। ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਪਣੇ ਧਰਮ ਦੇ ਅਕੀਦੇ ਮੁਤਾਬਕ ਪ੍ਰਮਾਤਮਾ ਦਾ ਗੁਣ ਗਾਇਨ ਕੀਤਾ। ਮਰਹੂਮ ਜੈਪਾਲ ਸਿੰਘ ਜੋ ਕਿ ਇਸ ਸੰਮੇਲਨ ਦੇ ਮੁੱਖ ਸੰਸਥਾਪਕਾਂ ਵਿੱਚੋਂ ਸਨ। ਉਨ੍ਹਾਂ ਦੀ ਪਤਨੀ ਬੀਬੀ ਅਸੀਸ ਕੌਰ ਨੇ ਸਿੱਖ ਧਰਮ ਦੀਆਂ ਮੂਲ ਬੁਨਿਆਦੀ ਸਿੱਖਿਆਵਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ 'ਚ ਗੁਰੂ ਸਾਹਿਬ ਫੁਰਮਾਉਂਦੇ ਹਨ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ'ਜਿਸ ਦਾ ਸੁਨੇਹਾ ਹੈ 'ਮੈਨੂੰ ਕੋਈ ਵੈਰੀ ਨਹੀਂ ਦਿੱਸਦਾ, ਕੋਈ ਬੇਗਾਨਾ ਨਹੀਂ ਦਿੱਸਦਾ, ਸਭਨਾਂ ਨਾਲ ਮੇਰਾ ਪਿਆਰ ਬਣਿਆ ਹੋਇਆ ਹੈ।ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ, ਭਾਈ ਚਰਨਬੀਰ ਸਿੰਘ ਰਬਾਬੀ, ਭਾਈ ਪ੍ਰਭਜੋਤ ਸਿੰਘ ਦੇ ਜੱਥੇ ਨੇ ਸਿੱਖ ਸੰਗਤ ਸਣੇ ਸ਼ਬਦ ਕੀਰਤਨ ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ'ਗਾਇਨ ਕੀਤਾ। ਵੱਖ-ਵੱਖ ਧਰਮਾਂ ਦੇ ਸਿਮਰਨ ਦੇ ਸੈਸ਼ਨ 'ਚ ਸਿੱਖ ਭਾਈਚਾਰੇ ਵੱਲੋਂ ਬੀਬੀ ਮਿਹਰ ਕੌਰ ਨੇ ਦਿਲਰੁਬਾ ਨਾਲ ਮੂਲ-ਮੰਤਰ ਦਾ ਗਾਇਨ ਅਤੇ ਵਾਹਿਗੁਰੂ ਜੀ ਦਾ ਸਿਮਰਨ ਕੀਤਾ। ਇਸ ਮੌਕੇ ਸਿੱਖ ਪ੍ਰਦਰਸ਼ਨੀ ਵਿੱਚ ਪੁਸਤਕਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਕਕਾਰ ਵੀ ਰੱਖੇ ਗਏ। ਆਏ ਹੋਏ ਮਹਿਮਾਨਾਂ ਨੂੰ ਦਸਤਾਰਾਂ ਬੰਨਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਾਉਣ ਲਈ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ। ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਦੇ ਨਾਲ ਤਸਵੀਰਾਂ ਲੈਂਦੇ ਅਤੇ ਮਾਣ ਨਾਲ ਸੰਮੇਲਨ ਵਿੱਚ ਨਜ਼ਰ ਆਏ।ਇਸ ਸਮਾਗਮ ਨਾਲ ਸਿਨਸਿਨੈਟੀ ਦੇ ਵੱਖ -ਵੱਖ ਭਾਈਚਾਰਿਆਂ ਵਿੱਚ ਆਪਸੀ ਸਿੱਖਿਆ, ਸੰਬੰਧ, ਹਮਦਰਦੀ, ਸਮਝ ਅਤੇ ਪਿਆਰ ਪੈਦਾ ਹੋ ਰਿਹਾ ਹੈ।

# ਜਪਾਨ 'ਚ ਤੂਫ਼ਾਨ ਦਾ ਕਹਿਰ, ਕਈ ਥਾਵਾਂ 'ਤੇ ਭਾਰੀ ਮੀਂਹ, 6 ਮੌਤਾਂ

## 'ਸ਼ਾਨਸ਼ਾਨ' ਤੂਫ਼ਾਨ ਕਈ ਦਿਨਾਂ ਤੱਕ ਜਾਰੀ ਰਹੇਗਾ



ਟੋਕੀਓ: ਜਪਾਨ ਦੀ ਰਾਜਧਾਨੀ ਟੋਕੀਓ ਤੋਂ 180 ਕਿਲੋਮੀਟਰ ਦੱਖਣ-ਪੱਛਮ 'ਚ ਸਥਿਤ ਸ਼ਿਜ਼ੂਓਕਾ 'ਚ ਸ਼ਾਨਸ਼ਾਨ ਤੂਫਾਨ ਕਾਰਨ ਐਤਵਾਰ ਨੂੰ ਭਾਰੀ ਮੀਂਹ ਪਿਆ ।ਮੌਸਮ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਤੂਫਾਨ ਕਈ ਦਿਨਾਂ ਤੱਕ ਜਾਰੀ ਰਹੇਗਾ। 'ਸ਼ਾਨਸ਼ਾਨ' ਤੂਫਾਨ, 65 ਕਿਲੋਮੀਟਰ ਪ੍ਰਤੀ ਘੰਟਾ (40 ਮੀਲ ਪ੍ਰਤੀ ਘੰਟਾ) ਦੀ ਰਫਤਾਰ ਨਾਲ ਹਵਾਵਾਂ ਚੱਲੀਆਂ, ਜਿਸ ਨਾਲ ਜ਼ਮੀਨ ਖਿਸਕੀ, ਦਰਿਆਵਾਂ ਵਿੱਚ ਉਫਾਨ ਆ ਗਿਆ, ਸ਼ਾਖਾਵਾਂ ਟੁੱਟ ਗਈਆਂ ਅਤੇ ਮਲਬਾ ਖਿਲਰ ਗਿਆ।ਜਪਾਨੀ ਜਨਤਕ ਪ੍ਰਸਾਰਕ , ਜੋ ਕਿ ਸਥਾਨਕ ਸਰਕਾਰਾਂ ਦੇ ਅੰਕੜਿਆਂ ਨੂੰ ਇਕੱਠਾ ਕਰਦਾ ਹੈ, ਨੇ ਕਿਹਾ ਕਿ ਤੂਫਾਨ ਸ਼ਾਨਸ਼ਾਨ ਕਾਰਨ ਹੁਣ ਤੱਕ ਘੱਟੋ-ਘੱਟ ਛੇ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ ਤਿੰਨ ਵੀ ਸ਼ਾਮਲ ਹਨ ਜੋ ਜ਼ਮੀਨ ਖਿਸਕਣ ਵਿੱਚ ਦੱਬੇ ਗਏ ਸਨ। ਉਨ੍ਹਾਂ ਦੱਸਿਆ ਕਿ ਤੂਫਾਨ ਕਾਰਨ 127 ਲੋਕ ਜ਼ਖਮੀ ਹੋ ਗਏ ਅਤੇ ਇਕ ਵਿਅਕਤੀ ਲਾਪਤਾ ਹੋ ਗਿਆ। ਜਪਾਨ ਦੀ ਮੌਸਮ ਵਿਗਿਆਨ ਏਜੰਸੀ ਨੇ ਕਿਹਾ ਕਿ ਤੂਫਾਨ ਕਾਰਨ ਸ਼ਿਜ਼ੂਓਕਾ ਅਤੇ ਆਸਪਾਸ ਦੇ ਇਲਾਕਿਆਂ 'ਚ ਭਾਰੀ ਬਾਰਿਸ਼ ਹੋਈ। ਸ਼ਿਜ਼ੂਓਕਾ ਪ੍ਰੀਫੈਕਚਰ ਦੇ ਹਾਮਾਮਾਤਸੂ ਅਤੇ ਇਜ਼ੂ ਸ਼ਹਿਰਾਂ ਅਤੇ ਟੋਕੀਓ ਦੇ ਯੋਕੋਹਾਮਾ ਸਮੇਤ ਹੋਰ ਖੇਤਰਾਂ ਲਈ ਜ਼ਮੀਨ ਖਿਸਕਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਟੋਕੀਓ ਵਿੱਚ ਹਾਲ ਹੀ ਦੇ ਦਿਨਾਂ ਵਿੱਚ ਆਮ ਤੌਰ 'ਤੇ ਬੱਦਲ ਛਾਏ ਹੋਏ ਹਨ ਅਤੇ ਕੁਝ ਥਾਵਾਂ 'ਤੇ ਅਚਾਨਕ ਭਾਰੀ ਮੀਂਹ ਪਿਆ ਹੈ।

# ਮੰਗੋਲੀਆ ਵੱਲੋਂ ਪੂਤਿਨ ਨੂੰ ਗ੍ਰਿਫ਼ਤਾਰ ਕਰਨ ਤੋਂ ਇਨਕਾਰ

ਉਲਾਨਬਾਤਾਰ: ਮੰਗੋਲੀਆ ਨੇ ਕੌਮਾਂਤਰੀ ਫੌਜਦਾਰੀ ਅਦਾਲਤ (ਆਈਸੀਸੀ) ਵੱਲੋਂ ਜਾਰੀ ਵਾਰੰਟਾਂ ਦੇ ਹਵਾਲੇ ਨਾਲ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਗ੍ਰਿਫ਼ਤਾਰ ਕਰਨ ਤੋਂ ਨਾਂਹ ਕਰ ਦਿੱਤੀ ਹੈ। ਪੂਤਿਨ ਇਸ ਵੇਲੇ ਮੰਗੋਲੀਆ ਦੇ ਆਪਣੇ ਪਲੇਠੇ ਦੌਰੇ 'ਤੇ ਹਨ। ਮੰਗੋਲੀਆ ਆਈਸੀਸੀ ਦਾ ਮੈਂਬਰ ਹੈ ਤੇ ਕੋਰਟ ਨੇ 18 ਮਹੀਨੇ ਪਹਿਲਾਂ ਉਪਰੋਕਤ ਵਾਰੰਟ ਜਾਰੀ ਕੀਤਾ ਸੀ। ਉਂਜ ਰੂਸੀ ਸਦਰ ਦੇ ਇਸ ਤਜਵੀਜ਼ਤ ਦੌਰੇ ਤੋਂ ਪਹਿਲਾਂ ਯੂਕਰੇਨ ਨੇ ਮੰਗੋਲੀਆ ਨੂੰ ਸੱਦਾ ਦਿੱਤਾ ਸੀ ਕਿ ਉਹ ਪੂਤਿਨ ਨੂੰ ਦਿ ਹੇਗ ਸਥਿਤ ਕੋਰਟ ਦੇ ਹਵਾਲੇ ਕਰ ਦੇਵੇ। ਉਧਰ ਯੂਰੋਪੀਅਨ ਯੂਨੀਅਨ ਨੇ ਫ਼ਿਕਰ ਜਤਾਇਆ ਹੈ ਕਿ ਮੰਗੋਲੀਆ ਸ਼ਾਇਦ ਵਾਰੰਟਾਂ ਦੀ ਤਾਮੀਲ ਨਾ ਕਰੇ। ਪੂਤਿਨ ਦੇ ਤਰਜਮਾਨ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਕਰੈਮਲਿਨ ਨੂੰ ਰੂਸੀ ਸਦਰ ਦੀ ਮੰਗੋਲੀਆ ਫੇਰੀ ਬਾਰੇ ਕੋਈ ਫ਼ਿਕਰ ਨਹੀਂ ਹੈ। ਉਂਜ ਵਾਰੰਟਾਂ ਕਰਕੇ ਮੰਗੋਲੀਅਨ ਸਰਕਾਰ ਦੀ ਸਥਿਤੀ ਥੋੜ੍ਹੀ ਮੁਸ਼ਕਲ ਜ਼ਰੂਰ ਬਣ ਗਈ ਹੈ। ਕਿਉਂਕਿ ਕੌਮਾਂਤਰੀ ਫੌਜਦਾਰੀ ਕੋਰਟ ਦੇ ਮੈਂਬਰਾਂ ਨੂੰ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਦੀ ਸੂਰਤ ਸਬੰਧਤ ਮਸ਼ਕੂਕ ਨੂੰ ਹਿਰਾਸਤ ਵਿਚ ਲੈਣਾ ਹੁੰਦਾ ਹੈ। ਮੰਗੋਲੀਆ, ਜੋ ਰੂਸੀ ਸਰਹੱਦ ਨਾਲ ਘਿਰਿਆ ਹੈ, ਈਂਧਣ ਤੇ ਬਿਜਲੀ ਦੀਆਂ ਆਪਣੀਆਂ ਲੋੜਾਂ ਲਈ ਪੂਰੀ ਤਰ੍ਹਾਂ ਗੁਆਂਢੀ ਮੁਲਕ 'ਤੇ ਨਿਰਭਰ ਹੈ। ਮੰਗੋਲੀਆ ਪੁੱਜਣ 'ਤੇ ਰੂਸੀ ਆਗੂ ਦਾ ਉਲਾਨਬਾਤਾਰ ਦੇ ਮੁੱਖ ਚੌਰਾਹੇ ਉੱਤੇ ਸ਼ਾਨਦਾਰ ਸਵਾਗਤ ਕੀਤਾ ਗਿਆ।



# ਹਿੰਸਾ ਮਾਮਲੇ ਵਿੱਚ ਹਾਈ ਕੋਰਟ ਪਹੁੰਚੇ ਇਮਰਾਨ ਖ਼ਾਨ

ਇਸਲਾਮਾਬਾਦ : ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਿਛਲੇ ਸਾਲ 9 ਮਈ ਦੀ ਹਿੰਸਾ ਨਾਲ ਸਬੰਧਤ ਮਾਮਲਿਆਂ ਵਿੱਚ ਮੁਕੱਦਮੇ 'ਚ ਉਨ੍ਹਾਂ ਨੂੰ ਫ਼ੌਜ ਨੂੰ ਸੌਂਪੇ ਜਾਣ ਖ਼ਿਲਾਫ਼ ਅੱਜ ਹਾਈ ਕੋਰਟ ਦਾ ਰੁਖ ਕੀਤਾ ਹੈ। ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਨੇ ਦੋ ਦਿਨ ਪਹਿਲਾਂ ਕਿਹਾ ਸੀ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਬਾਨੀ ਇਮਰਾਨ ਖ਼ਿਲਾਫ਼ ਫੌਜੀ ਮੁਕੱਦਮਾ ਚਲਾਏ ਜਾਣ ਦੀ ਸੰਭਾਵਨਾ ਹੈ। ਇਮਰਾਨ ਨੇ ਆਪਣੇ ਵਕੀਲ ਉਜ਼ੈਰ ਕਰਾਮਤ ਭੰਡਾਰੀ ਰਾਹੀਂ ਇਸਲਾਮਾਬਾਦ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਸਿਵਲ ਮੁਕੱਦਮੇ ਦੀ ਮੰਗ ਕੀਤੀ ਹੈ। ਉਨ੍ਹਾਂ ਪਟੀਸ਼ਨ ਵਿੱਚ ਕਾਨੂੰਨ ਸਕੱਤਰ, ਗ੍ਰਹਿ ਸਕੱਤਰ, ਇਸਲਾਮਾਬਾਦ ਅਤੇ ਪੰਜਾਬ ਦੇ ਇੰਸਪੈਕਟਰ ਜਨਰਲ, ਫੈਡਰਲ ਜਾਂਚ ਏਜੰਸੀ (ਐੱਫਆਈਏ) ਦੇ ਡਾਇਰੈਕਟਰ ਜਨਰਲ ਅਤੇ ਜੇਲ੍ਹਾਂ ਦੇ ਇੰਸਪੈਕਟਰ ਜਨਰਲ ਨੂੰ ਜਵਾਬਦੇਹ ਬਣਾਇਆ ਹੈ।

# ਉੱਤਰੀ ਕੋਰੀਆ ਵੱਲੋਂ ਦੁਸ਼ਮਣ ਨੂੰ ਨਿਸ਼ਾਨਾ ਬਣਾਉਣ ਵਿੱਚ ਸਮਰੱਥ ਨਵੇਂ ਡਰੋਨ ਦਾ ਪ੍ਰਦਰਸ਼ਨ

ਸਿਓਲ : ਉੱਤਰੀ ਕੋਰੀਆ ਦੇ ਨੇਤਾ ਕਿਮ ਜੌਂਗ ਉਨ ਨੇ ਟੀਚੇ ਨੂੰ ਨਿਸ਼ਾਨਾ ਬਣਾਉਣ ਵਿੱਚ ਸਮਰੱਥ ਨਵੇਂ ਧਮਾਕਾਖੇਜ਼ ਡਰੋਨ ਦਾ ਪ੍ਰਦਰਸ਼ਨ ਦੇਖਿਆ। ਸਰਕਾਰੀ ਮੀਡੀਆ ਨੇ ਅੱਜ ਇਹ ਜਾਣਕਾਰੀ ਦਿੱਤੀ। ਉੱਧਰ, ਅਮਰੀਕਾ ਤੇ ਦੱਖਣੀ ਕੋਰੀਆ ਨੇ ਸਾਂਝਾ ਫੌਜੀ ਅਭਿਆਸ ਕੀਤਾ। ਉੱਤਰੀ ਕੋਰੀਆ ਦੀਆਂ ਪਰੀਖਣ ਸਬੰਧੀ ਤਸਵੀਰਾਂ ਵਿੱਚ ਸਫੈਦ ਡਰੋਨ ਦਿਖ ਰਿਹਾ ਹੈ, ਜਿਸ ਦਾ ਪਿਛਲਾ ਹਿੱਸਾ 'ਐਕਸ' ਆਕਾਰ ਹੈ ਅਤੇ ਉਸ ਦੇ ਖੰਭ ਕਥਿਤ ਤੌਰ 'ਤੇ ਦੱਖਣੀ ਕੋਰੀਆ ਦੇ ਮੁੱਖ ਕੇ-2 ਜੰਗੀ ਟੈਂਕ ਵਰਗੇ ਦਿਖਣ ਵਾਲੇ ਟੀਚੇ ਨਾਲ ਟਕਰਾਅ ਕੇ ਉਸ ਨੂੰ ਨਸ਼ਟ ਕਰਦੇ ਨਜ਼ਰ ਆ ਰਹੇ ਹਨ। ਜ਼ਿਆਦਾਤਰ ਜੰਗੀ ਡਰੋਨ ਟੀਚੇ ਤੋਂ ਦੂਰ ਖੜ੍ਹੇ ਹੋ ਕੇ ਮਿਜ਼ਾਈਲਾਂ ਦਾਗਦੇ ਹਨ। ਉੱਤਰੀ ਕੋਰੀਆ ਦੀ ਅਧਿਕਾਰਤ ਕੋਰੀਅਨ ਸੈਂਟਰਲ ਨਿਊਜ਼ ਏਜੰਸੀ (ਕੇਸੀਐੱਨਏ) ਨੇ ਕਿਹਾ ਕਿ ਸ਼ਨਿਚਰਵਾਰ ਨੂੰ ਪਰੀਖਣ ਕੀਤਾ ਗਿਆ। ਇਸ ਵਿੱਚ ਵੱਖ-ਵੱਖ ਤਰ੍ਹਾਂ ਦੇ ਡਰੋਨ ਸ਼ਾਮਲ ਸਨ ਜਿਨ੍ਹਾਂ ਨੂੰ ਧਰਤੀ ਤੇ ਸਮੁੰਦਰ ਵਿੱਚ ਵੱਖ-ਵੱਖ ਰੇਂਜ ਤੱਕ ਦੁਸ਼ਮਣ ਦੇ ਟੀਚੇ ਨੂੰ ਨਿਸ਼ਾਨਾ ਬਣਾਉਣ ਤੇ ਟੀਚੇ ਨੂੰ ਸਟੀਕ ਤਰੀਕੇ ਨਾਲ ਭੇਦਣ ਤੋਂ ਬਾਅਦ ਵੱਖ-ਵੱਖ ਮਾਰਗਾਂ ਦੀ ਉਡਾਣ ਭਰਨ ਦੇ ਲਿਹਾਜ਼ ਨਾਲ ਡਿਜ਼ਾਈਨ ਕੀਤਾ ਗਿਆ ਹੈ। ਕਿਮ ਜੌਂਗ ਨੇ ਆਪਣੇ ਦੇਸ਼ ਨੂੰ ਜੰਗ ਦੀ ਸੰਭਾਵਨਾ ਦੇ ਮੱਦੇਨਜ਼ਰ ਤਿਆਰ ਰਹਿਣ ਲਈ ਧਮਾਕਾ ਕਰਨ 'ਚ ਸਮਰੱਥ, ਪਾਣੀ ਹੇਠਲੇ ਟੀਚੇ ਦੀ ਟੋਹ ਲੈਣ 'ਚ ਸਮਰੱਥ ਦੱਸਿਆ ਅਤੇ ਹਮਲਾ ਕਰਨ ਵਾਲੇ ਡਰੋਨ ਦੇ ਵਿਕਾਸ ਨੂੰ ਹੁਲਾਰਾ ਦੇਣ ਦਾ ਸੰਕਲਪ ਜਤਾਇਆ।

# ਰੂਸ ਵੱਲੋਂ ਕੀਵ 'ਤੇ ਡਰੋਨਾਂ, ਕਰੂਜ਼ ਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲੇ

## ਲੜੀਵਾਰ ਧਮਾਕਿਆਂ ਕਾਰਨ ਯੂਕਰੇਨੀ ਰਾਜਧਾਨੀ ਕੰਬੀ, ਤਿੰਨ ਵਿਅਕਤੀ ਜ਼ਖ਼ਮੀ



ਕੀਵ : ਯੂਕਰੇਨੀ ਹਵਾਈ ਸੈਨਾ ਨੇ ਅੱਜ ਕਿਹਾ ਕਿ ਰੂਸ ਨੇ ਅੱਧੀ ਰਾਤ ਨੂੰ ਕੀਵ 'ਤੇ ਡਰੋਨਾਂ, ਕਰੂਜ਼ ਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲੇ ਕੀਤੇ ਹਨ। ਇਹ ਹਮਲੇ ਅਜਿਹੇ ਮੌਕੇ ਕੀਤੇ ਗਏ ਹਨ, ਜਦੋਂ ਯੂਕਰੇਨੀ ਬੱਚੇ ਗਰਮੀ ਦੀਆਂ ਛੁੱਟੀਆਂ ਮੁੱਕਣ ਮਗਰੋਂ ਵਾਪਸ ਸਕੂਲ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਸੋਮਵਾਰ ਵੱਡੇ ਤੜਕੇ ਲੜੀਵਾਰ ਕਈ ਧਮਾਕਿਆਂ ਨਾਲ ਯੂਕਰੇਨੀ ਰਾਜਧਾਨੀ ਹਿਲ ਗਈ। ਯੂਕਰੇਨ ਦੇ ਗ੍ਰਿਹ ਮੰਤਰੀ ਨੇ ਕਿਹਾ ਕਿ ਇਨ੍ਹਾਂ ਮਿਜ਼ਾਈਲਾਂ ਤੇ ਡਰੋਨਾਂ ਦਾ ਮਲਬਾ ਲਗਪਗ ਕੀਵ ਦੇ ਹਰ ਜ਼ਿਲ੍ਹੇ ਵਿਚ ਡਿੱਗਿਆ, ਜਿਸ ਵਿਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ ਤੇ ਦੋ ਕਿੰਡਰਗਾਰਟਨਾਂ ਨੂੰ ਨੁਕਸਾਨ ਪੁੱਜਾ ਹੈ। ਪਿਛਲੇ 900 ਦਿਨਾਂ ਤੋਂ ਜਾਰੀ ਜੰਗ ਦਰਮਿਆਨ ਦੋਵੇਂ ਧਿਰਾਂ ਮੈਦਾਨ ਛੱਡਣ ਲਈ ਤਿਆਰ ਨਹੀਂ ਤੇ ਨਾ ਹੀ ਜੰਗਬੰਦੀ ਲਈ ਦੋਵੇਂ ਧਿਰਾਂ ਗੱਲਬਾਤ ਦੀ ਮੇਜ਼ ਵੱਲ ਵਧੀਆਂ ਹਨ। ਯੂਕਰੇਨ ਜਿੱਥੇ ਰੂਸ ਦੇ ਕੁਰਸਕ ਖੇਤਰ ਵਿਚ ਦਾਖ਼ਲ ਹੋ ਗਿਆ ਹੈ, ਉਥੇ ਰੂਸੀ ਫੌਜ ਪੂਰਬੀ ਯੂਕਰੇਨ ਵਿਚ ਡੋਨੇਤਸਕ ਖੇਤਰ ਦੇ ਧੁਰ ਅੰਦਰ ਤੱਕ ਆ ਗਈ ਹੈ। ਰੂਸੀ ਹਵਾਈ ਸੈਨਾ ਨੇ ਸ਼ਨਿੱਚਰਵਾਰ ਤੇ ਐਤਵਾਰ ਦੀ ਦਰਮਿਆਨ ਰਾਤ ਨੂੰ 158 ਯੂਕਰੇਨੀ ਡਰੋਨ ਫੁੰਡਣ ਦਾ ਦਾਅਵਾ ਕੀਤਾ ਹੈ। ਰੱਖਿਆ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਵਿਚੋਂ ਦੋ ਡਰੋਨ ਮਾਸਕੋ ਤੇ ਨੌਂ ਰਾਜਧਾਨੀ ਨੇੜਲੇ ਖੇਤਰਾਂ ਵਿਚ ਸਨ। ਰੂਸ ਨੇ ਜਵਾਬੀ ਕਾਰਵਾਈ ਵਿਚ ਵੱਖ ਵੱਖ ਤਰ੍ਹਾਂ ਦੀਆਂ 35 ਮਿਜ਼ਾਈਲਾਂ ਤੇ 26 ਸ਼ਾਹਿਦ ਡਰੋਨ ਯੂਕਰੇਨ ਵੱਲ ਦਾਗ਼ੇ ਹਨ। ਯੂਕਰੇਨੀ ਹਵਾਈ ਸੈਨਾ ਨੇ 13 ਕਰੂਜ਼ ਮਿਜ਼ਾਈਲਾਂ ਤੇ 20 ਡਰੋਨ ਸੁੱਟ ਲੈਣ ਦਾ ਦਾਅਵਾ ਕੀਤਾ ਹੈ।

# ਚੀਨ: ਬੱਸ ਦੀ ਟੱਕਰ ਕਾਰਨ 11 ਹਲਾਕ; 13 ਜ਼ਖ਼ਮੀ

ਪੇਈਚਿੰਗ : ਪੂਰਬੀ ਚੀਨ ਵਿੱਚ ਸ਼ਾਂਦੌਂਗ ਸੂਬੇ ਦੇ ਮਿਡਲ ਸਕੂਲ ਦੇ ਗੇਟ 'ਤੇ ਅੱਜ ਤੜਕੇ ਇਕੱਠੇ ਹੋਏ ਵਿਦਿਆਰਥੀਆਂ ਨੂੰ ਬੱਸ ਨੇ ਦਰੜ ਦਿੱਤਾ, ਜਿਸ ਵਿੱਚ 11 ਜਣਿਆਂ ਦੀ ਮੌਤ ਹੋ ਗਈ, ਜਦੋਂਕਿ 13 ਹੋਰ ਜ਼ਖ਼ਮੀ ਹੋ ਗਏ। ਪੁਲੀਸ ਨੇ ਦੱਸਿਆ ਕਿ ਵਿਦਿਆਰਥੀ ਸਵੇਰੇ ਲਗਪਗ ਸਾਢੇ ਸੱਤ ਵਜੇ ਪੂਰਬੀ ਸੂਬੇ ਸ਼ਾਂਦੌਂਗ ਦੇ ਤਾਈਆਨ ਸ਼ਹਿਰ ਵਿੱਚ ਸਕੂਲ ਦੇ ਬਾਹਰ ਖੜ੍ਹੇ ਸਨ। ਇਸ ਦੌਰਾਨ ਵਿਦਿਆਰਥੀਆਂ ਨੂੰ ਛੱਡਣ ਲਈ ਕਿਰਾਏ 'ਤੇ ਲਈ ਬੱਸ 'ਬੇਕਾਬੂ' ਹੋ ਗਈ ਅਤੇ ਪੈਦਲ ਯਾਤਰੀਆਂ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ 13 ਜਣੇ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ। ਬਾਕੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਬੱਸ ਡਰਾਈਵਰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਸਪਸ਼ਟ ਨਹੀਂ ਹੋਇਆ ਕਿ ਇਹ ਹਾਦਸਾ ਸੀ ਜਾਂ ਬੱਚਿਆਂ 'ਤੇ ਜਾਣ-ਬੁੱਝ ਕੇ ਕੀਤਾ ਗਿਆ ਹਮਲਾ ਸੀ। ਹਾਲ ਹੀ ਦੇ ਸਾਲਾਂ ਦੌਰਾਨ ਚੀਨ ਵਿੱਚ ਸਕੂਲੀ ਬੱਚਿਆਂ 'ਤੇ ਹਮਲਿਆਂ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚ ਕਈ ਵਾਰ ਚਾਕੂ ਜਾਂ ਘਰ ਵਿੱਚ ਬਣੇ ਧਮਾਕਾਖੇਜ਼ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਇਹ ਹਮਲੇ ਆਮ ਤੌਰ 'ਤੇ ਕਿਸੇ ਵਿਅਕਤੀ ਜਾਂ ਸਮਾਜ ਤੋਂ ਬਦਲਾ ਲੈਣ ਦੇ ਇਰਾਦੇ ਨਾਲ ਕੀਤੇ ਗਏ ਹਨ।

# ਮੈਂ ਸੁਰੱਖਿਅਤ ਹਾਂ, ਪਹੁੰਚਣ ਵਾਲੇ ਸਾਰਿਆਂ ਦਾ ਧੰਨਵਾਦ: ਏਪੀ ਢਿੱਲੋਂ

ਟੋਰਾਂਟੋ: ਭਾਰਤ ਵਿੱਚ ਜਨਮੇ ਕੈਨੇਡੀਅਨ ਕਲਾਕਾਰ ਏਪੀ ਢਿੱਲੋਂ ਦੇ ਘਰ ਬਾਹਰ ਹੋਈ ਗੋਲੀਬਾਰੀ ਤੋਂ ਬਾਅਦ ਉਸਦੀ ਸੋਸ਼ਲ ਮੀਡੀਆ ਪੋਸਟ ਸਾਹਮਣੇ ਆਈ ਹੈ। ਏਪੀ ਢਿੱਲੋਂ ਨੇ ਪ੍ਰਸ਼ੰਸਕਾਂ ਨੂੰ ਆਪਣੇ ਸੁਰੱਖਿਅਤ ਹੋਣ ਬਾਰੇ ਲਿਖਿਆ ਅਤੇ ਸਮਰਥਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਮੀਡੀਆ ਰਿਪੋਰਟਾਂ ਮੁਤਾਬਕ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਰੋਹਿਤ ਗੋਦਾਰਾ ਨੇ ਕਥਿਤ ਪੋਸਟ ਰਾਹੀਂ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ। ਪ੍ਰਸਿੱਧ ਪੰਜਾਬੀ ਗਾਇਕ ਢਿੱਲੋਂ ਜੋ ਵੈਨਕੂਵਰ ਤੋਂ ਬਾਹਰ ਹੈ, ਨੇ ਕਥਿਤ ਗੋਲੀਬਾਰੀ ਤੋਂ ਬਾਅਦ ਸੋਮਵਾਰ ਰਾਤ ਨੂੰ ਆਪਣੀ ਇੰਸਟਾਗ੍ਰਾਮ ਸਟੋਰੀਜ਼ 'ਤੇ ਇੱਕ ਸੰਦੇਸ਼ ਸਾਂਝਾ ਕੀਤਾ। ਉਸਨੇ ਲਿਖਿਆ ਕਿ "ਮੈਂ ਸੁਰੱਖਿਅਤ ਹਾਂ, ਮੇਰੇ ਲੋਕ ਸੁਰੱਖਿਅਤ ਹਨ ਅਤੇ ਪਹੁੰਚਣ ਵਾਲੇ ਹਰ ਕਿਸੇ ਦਾ ਧੰਨਵਾਦ।" ਜਾਣਕਾਰੀ ਅਨੁਸਾਰ ਇਹ ਘਟਨਾ ਉਸ(ਏਪੀ ਢਿੱਲੋਂ) ਦੇ ਗੀਤ 'ਓਲਡ ਮਨੀ' ਦੇ ਸੰਗੀਤ ਵੀਡੀਓ ਵਿੱਚ ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਦੇ ਨਾਲ ਦਿਖਾਈ ਦੇਣ ਤੋਂ ਹਫ਼ਤੇ ਬਾਅਦ ਵਾਪਰੀ ਹੈ। ਅਪਰੈਲ ਮਹੀਨੇ ਵਿੱਚ ਖਾਨ ਦੇ ਮੁੰਬਈ ਅਪਾਰਟਮੈਂਟ ਦੇ ਬਾਹਰ ਵੀ ਗੋਲੀਬਾਰੀ ਕੀਤੀ ਗਈ ਸੀ ਅਤੇ ਸਲਮਾਨ ਨੇ ਪੁਲੀਸ ਨੂੰ ਦੱਸਿਆ ਹੈ ਕਿ ਉਹ ਮੰਨਦਾ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਇਸਦੇ ਲਈ ਜ਼ਿੰਮੇਵਾਰ ਸੀ। ਢਿੱਲੋਂ ਬ੍ਰਾਊਨ ਮੁੰਡੇ, ਐਕਸਕਿਊਜ਼ ਅਤੇ ਸਮਰ ਹਾਈ ਵਰਗੇ ਗੀਤਾਂ ਨਾਲ ਹਿਪ-ਹੌਪ ਵਿੱਚ ਇੱਕ ਉੱਭਰਦਾ ਗਲੋਬਲ ਸਟਾਰ ਹੈ। 31 ਸਾਲਾ ਗਾਇਕ ਦਾ ਅਸਲੀ ਨਾਮ ਅੰਮ੍ਰਿਤਪਾਲ ਸਿੰਘ ਢਿੱਲੋਂ ਹੈ ਜੋ ਕਿ 2015 ਵਿੱਚ ਬਿਜ਼ਨਸ ਐਡਮਿਨਿਸਟ੍ਰੇਸ਼ਨ ਅਤੇ ਮੈਨੇਜਮੈਂਟ ਵਿੱਚ ਪੋਸਟ-ਗ੍ਰੈਜੂਏਸ਼ਨ ਕੋਰਸ ਕਰਨ ਲਈ ਗੁਰਦਾਸਪੁਰ ਤੋਂ ਕੈਨੇਡਾ ਚਲਾ ਗਿਆ ਸੀ। ਪਿਛਲੇ ਸਾਲ ਪ੍ਰਾਈਮ ਵੀਡੀਓ ਨੇ ਏਪੀ ਢਿੱਲੋਂ: ਫਸਟ ਆਫ ਏ ਕਾਇੰਡ ਸਿਰਲੇਖ ਵਾਲੀ ਇੱਕ ਦਸਤਾਵੇਜ਼ੀ ਲੜੀ ਜਾਰੀ ਕੀਤੀ।

# ਅਮਰੀਕਾ ਦੇ ਇਕ ਰੇਸਤਰਾਂ 'ਚ ਵੱਡਾ ਹਾਦਸਾ, 2 ਲੋਕਾਂ ਦੀ ਮੌਤ

ਸੇਂਟ ਲੂਇਸ ਪਾਰਕ - ਐਕਸਪ੍ਰੈੱਸ ਵਾਇਰ ਦੀ ਰਿਪੋਰਟ ਮੁਤਾਬਕ, ਮਿਨੀਐਪੋਲਿਸ ਦੇ ਉਪਨਗਰ 'ਚ ਐਤਵਾਰ ਨੂੰ ਇਕ ਕਾਰ ਇਕ ਰੈਸਟੋਰੈਂਟ ਕੰਪਲੈਕਸ 'ਚ ਦਾਖਲ ਹੋ ਗਈ ਜਿਸ ਨਾਲ ਉੱਥੇ ਜਸ਼ਨ ਮਨਾਉਂਦੇ ਮੈਡੀਕਲ ਮੁਲਾਜ਼ਮਾਂ 'ਚੋਂ 2 ਦੀ ਮੌਤ ਹੋ ਗਈ ਅਤੇ 4 ਹੋਰ ਜਖਮੀ ਹੋ ਗਏ। ਇਹ ਜਾਣਕਾਰੀ ਪੁਲਸ ਅਤੇ ਹਸਪਤਾਲ ਦੇ ਅਧਿਕਾਰੀਆਂ ਨੇ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਪੁਲਸ ਨੇ ਕਿਹਾ ਕਿ ਨਿਗਰਾਨੀ ਫੁਟੇਜ 'ਚ ਮਿਨੀਐਪੋਲਿਸ ਦੇ ਪੱਛਮ 'ਚ ਸਥਿਤ ਸ਼ਹਿਰ ਸੇਂਟ ਲੂਇਸ ਪਾਰਕ ਦੇ @ਪਾਰਕ ਟੈਵਰਨ@ ਦੇ ਬਾਹਰ ਇਕ ਵਿਅਕਤੀ ਨੂੰ ਗੱਡੀ ਲਿਆਉਂਦੇ ਹੋਏ ਦਿਖਾਇਆ ਗਿਆ ਜਿਸ ਦੇ ਨਾਂ ਦਾ ਖੁਲਾਸਾ ਪੁਲਸ ਨੇ ਅਜੇ ਤੱਕ ਨਹੀਂ ਕੀਤਾ ਹੈ। ਫੁਟੇਜ 'ਚ ਐਤਵਾਰ ਦੀ ਸ਼ਾਮ ਉਹ ਵਿਅਕਤੀ ਰੈਸਟੋਰੈਂਟ ਦੀ ਪਾਰਕਿੰਗ 'ਚ ਦਾਖਲ ਹੁੰਦਾ ਦਿਖਾਈ ਦਿੱਤਾ ਪਰ ਅੰਦਰ ਨਹੀਂ ਗਿਆ। ਉਸ ਨੇ ਵਾਹਨ ਨੂੰ ਪਾਰਕ ਕਰਨ ਦੀ ਕੋਸ਼ਿਸ਼ ਕੀਤੀ, ਫਿਰ ਗੱਡੀ ਨੂੰ ਬਾਹਰ ਖੁਲ੍ਹੇ 'ਚ ਲੈ ਗਿਆ। ਡਰਾਈਵਰ ਨੂੰ ਵਾਹਨ ਰਾਹੀਂ ਲੋਕਾਂ ਦੀ ਜ਼ਿੰਦਗੀਆਂ ਲੈਣ ਦੇ ਦੋਸ਼ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫਿਲਹਾਲ ਪੁਲਸ ਨੇ ਸੰਭਾਵਤ ਮਕਸਦ ਬਾਰੇ ਕੋਈ ਵਧੀਕ ਜਾਣਕਾਰੀ ਨਹੀਂ ਦਿੱਤੀ। ਸੇਂਟ ਲੂਇਸ ਪਾਰਕ ਸਥਿਤ ਮੇਥੋਡਿਸਟ ਹਸਪਤਾਲ ਦੇ ਬੁਲਾਰੇ ਐਨੇਲਿਸ ਹੈਟਕੈਂਪ ਨੇ ਇਕ ਲਿਖਤੀ ਬਿਆਨ 'ਚ ਕਿਹਾ ਕਿ ਮਰਨ ਵਾਲੇ 'ਚੋਂ ਇਕ ਅਤੇ ਜ਼ਖਮੀ ਹੋਏ ਚਾਰ ਲੋਕ ਹਸਪਤਾਲ 'ਚ ਕੰਮ ਕਰਦੇ ਸਨ। ਬਿਆਨ 'ਚ ਕਿਹਾ ਗਿਆ ਕਿ ਜ਼ਖਮੀ ਹੋਏ 4 ਲੋਕ ਹਸਪਤਾਲ ਦੇ ਮੁਲਾਜ਼ਮ ਨਰਸ ਹਨ। ਮੇਥੋਡਿਸਟ ਹਸਪਤਾਲ 'ਚ ਕੰਮ ਕਰਨ ਵਾਲੇ ਡਾ. ਥਾਮਸ ਸਟਾਰਕ ਨੇ ਦੱਸਿਆ ਕਿ ਸਹਿ-ਮੁਲਾਜ਼ਮ ਦੀ ਇਕ ਟੀਮ ਨੇ ਐਤਵਾਰ ਰਾਤ ਨੂੰ ਹਸਪਤਾਲ ਦੇ ਕੋਲ ਸਥਿਤ ਪਾਰਕ ਟੈਵਰਨ 'ਚ ਇਕ ਨਰਸ ਦੇ ਨਾਲ ਜਸ਼ਨ ਮਨਾਉਣ ਲਈ ਗਏ ਸਨ। ਸੂਤਰਾਂ ਦੀ ਮੰਨੀਏ ਤਾਂ ਨਰਸ ਆਪਣੀ ਆਪਣੀ ਨੌਕਰੀ ਛੱਡ ਕੇ ਨਵੀਂ ਨੌਕਰੀ @ਤੇ ਜਾਣ ਵਾਲੀ ਸੀ। ਖਬਰਾਂ ਦੇ ਅਨੁਸਾਰ, ਇਕ ਗਵਾਹ ਨੇ ਦੱਸਿਆ ਕਿ ਡਰਾਈਵਰ ਨੇ ਆਪਣੇ ਵਾਹਨ ਦੇ ਪਿਛਲੇ ਹਿੱਸੇ ਨਾਲ ਟੱਕਰ ਮਾਰੀ ਅਤੇ ਸਿੱਧਾ ਕੈਂਪਸ 'ਚ ਮੌਜੂਦ ਲਗਭਗ 30 ਲੋਕਾਂ ਦੀ ਭੀੜ 'ਚ ਚਲਾ ਗਿਆ।



# ਸ਼ੇਖ ਹਸੀਨਾ ਖ਼ਿਲਾਫ਼ ਹੱਤਿਆ ਦੇ ਦੋ ਨਵੇਂ ਕੇਸ ਦਰਜ

ਢਾਕਾ : ਬੰਗਲਾਦੇਸ਼ ਵਿੱਚ ਰਾਖਵਾਂਕਰਨ ਸੁਧਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਦੇ ਦੋ ਕਾਰਕੁਨਾਂ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਦੇ ਮਾਮਲੇ ਵਿੱਚ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਉਸ ਦੇ ਸਾਬਕਾ ਕੈਬਨਿਟ ਮੰਤਰੀਆਂ ਖ਼ਿਲਾਫ਼ ਹੱਤਿਆ ਦੇ ਦੋ ਨਵੇਂ ਕੇਸ ਦਰਜ ਢਾਕਾ ਦੀਆਂ ਅਦਾਲਤਾਂ ਵਿੱਚ ਸ਼ੁੱਕਰਵਾਰ ਨੂੰ ਦਰਜ ਕੀਤੇ ਗਏ। ਇਹ 76 ਸਾਲਾ ਹਸੀਨਾ ਖ਼ਿਲਾਫ਼ ਦਰਜ ਵੱਖ-ਵੱਖ ਮਾਮਲਿਆਂ ਵਿੱਚ ਤਾਜ਼ਾ ਮਾਮਲੇ ਹਨ। ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਲਾਗੂ ਕਰਨ ਖ਼ਿਲਾਫ਼ ਵਿਦਿਆਰਥੀਆਂ ਦੇ ਪ੍ਰਦਰਸ਼ਨ ਮਗਰੋਂ ਹਸੀਨਾ 5 ਅਗਸਤ ਨੂੰ ਅਸਤੀਫ਼ਾ ਦੇ ਕੇ ਭਾਰਤ ਭੱਜ ਗਈ ਸੀ। 'ਡੇਲੀ ਸਟਾਰ' ਅਖ਼ਬਾਰ ਦੀ ਖ਼ਬਰ ਮੁਤਾਬਕ ਇਨ੍ਹਾਂ ਦੋਵਾਂ ਮਾਮਲਿਆਂ ਨਾਲ ਹੀ ਹਸੀਨਾ ਖ਼ਿਲਾਫ਼ ਦਰਜ ਕੇਸਾਂ ਦੀ ਗਿਣਤੀ 84 ਹੋ ਗਈ ਹੈ, ਜਿਨ੍ਹਾਂ ਵਿੱਚ ਹੱਤਿਆ ਦੇ 70, ਮਨੁੱਖਤਾ ਵਿਰੁੱਧ ਅਪਰਾਧ ਤੇ ਕਤਲੇਆਮ ਦੇ ਅੱਠ, ਕਥਿਤ ਅਗਵਾ ਦੇ ਤਿੰਨ ਅਤੇ ਹੋਰ ਦੋਸ਼ਾਂ ਦੇ ਤਿੰਨ ਮਾਮਲੇ ਸ਼ਾਮਲ ਹਨ। ਬੀਐੱਨਪੀ ਦੇ ਮਤੀਉਰ ਰਹਿਮਾਨ ਨੇ ਚਾਰ ਅਗਸਤ ਨੂੰ ਪਾਰਟੀ ਕਾਰਕੁਨਾਂ ਜ਼ੁਲਕਰ ਹੁਸੈਨ (38) ਤੇ ਅੰਜਨਾ (28) ਦੀ ਹੋਈ ਮੌਤ ਸਬੰਧੀ ਕਿਸ਼ੋਰ ਗੰਜ ਵਿੱਚ ਕੇਸ ਦਰਜ ਕਰਵਾਇਆ ਸੀ।

# ਸ੍ਰੀਲੰਕਾ: ਦਫ਼ਨਾਉਣ ਜਾਂ ਸਸਕਾਰ ਦੇ ਹੱਕ ਦੀ ਗਾਰੰਟੀ ਦੇਣ ਵਾਲੇ ਬਿੱਲ ਨੂੰ ਮਨਜ਼ੂਰੀ

ਕੋਲੰਬੋ : ਸ੍ਰੀਲੰਕਾ ਵਿੱਚ ਅਜਿਹੇ ਬਿੱਲ ਦੇ ਖਰੜੇ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜੋ ਹਰ ਵਿਅਕਤੀ ਨੂੰ ਇਹ ਫ਼ੈਸਲਾ ਕਰਨ ਦਾ ਅਧਿਕਾਰ ਦੇਵੇਗਾ ਕਿ ਉਸ ਦੀ ਦੇਹ ਨੂੰ ਦਫ਼ਨਾਇਆ ਜਾਵੇ ਜਾਂ ਦਾਹ ਸੰਸਕਾਰ ਕੀਤਾ ਜਾਵੇ। ਅੱਜ ਮੰਤਰੀ ਮੰਡਲ ਦੇ ਨੋਟ ਤੋਂ ਇਹ ਜਾਣਕਾਰੀ ਸਾਹਮਣੇ ਆਈ ਹੈ। ਸਾਲ 2020 ਵਿੱਚ ਕਰੋਨਾ ਮਹਾਮਾਰੀ ਦੌਰਾਨ ਜਬਰੀ ਦਾਹ ਸੰਸਕਾਰ ਕਾਰਨ ਮੁਸਲਿਮ ਘੱਟਗਿਣਤੀ ਭਾਈਚਾਰੇ ਵਿੱਚ ਕਾਫ਼ੀ ਨਾਰਾਜ਼ਗੀ ਸੀ। ਦਫ਼ਨ ਜਾਂ ਦਾਹ ਸੰਸਕਾਰ ਅਧਿਕਾਰ ਬਿੱਲ' ਰਾਹੀਂ ਘੱਟਗਿਣਤੀਆਂ ਦੀ ਨਾਰਾਜ਼ਗੀ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ॥ ਇਸ ਸਬੰਧੀ ਫ਼ੈਸਲਾ ਲੈਣ ਦਾ ਅਧਿਕਾਰ ਮ੍ਰਿਤਕ ਦੇ ਨਜ਼ਦੀਕੀ ਰਿਸ਼ਤੇਦਾਰ ਦਾ ਹੋਵੇਗਾ।' ਸੋਮਵਾਰ ਨੂੰ ਇਸ ਬਿੱਲ ਨੂੰ ਮਨਜ਼ੂਰੀ ਦਿੱਤੀ ਗਈ ਸੀ।

# ਰੂਸ ਵਿੱਚ ਹੈਲੀਕਾਪਟਰ ਹਾਦਸੇ ਦੇ 22 ਮ੍ਰਿਤਕਾਂ ਦੀਆਂ ਲਾਸ਼ਾਂ ਬਰਾਮਦ

ਮਾਸਕੋ : ਰੂਸੀ ਹੰਗਾਮੀ ਸੇਵਾਵਾਂ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੇਸ਼ ਦੇ ਪੂਰਬਲੇ ਹਿੱਸੇ ਵਿਚ ਹਾਦਸਾਗ੍ਰਸਤ ਹੋਏ ਹੈਲੀਕਾਪਟਰ ਦੇ 22 ਮ੍ਰਿਤਕਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ। ਹਾਦਸਾ ਪੁਰਾਤਨ ਪ੍ਰਾਇਦੀਪ ਕਾਮਚਾਤਕਾ 'ਚ ਹੋਇਆ ਸੀ, ਜਿੱਥੇ ਬਹੁਤ ਸਾਰੇ ਜਵਾਲਾਮੁਖੀ ਹਨ। ਐੱਮਆਈ-8 ਹੈਲੀਕਾਪਟਰ, ਜਿਸ ਵਿਚ 19 ਯਾਤਰੀ ਤੇ ਅਮਲੇ ਦੇ ਤਿੰਨ ਮੈਂਬਰ ਸਵਾਰ ਸਨ, ਨੇ ਸ਼ਨਿੱਚਰਵਾਰ ਨੂੰ ਉਡਾਣ ਭਰੀ ਸੀ। ਹੈਲੀਕਾਪਟਰ ਇਕ ਜਵਾਲਾਮੁਖੀ ਦੇ ਕਾਫੀ ਨਜ਼ਦੀਕ ਗਿਆ ਸੀ, ਜਿਸ ਮਗਰੋਂ ਇਹ ਹਾਦਸਾਗ੍ਰਸਤ ਹੋ ਗਿਆ। ਰਾਹਤ ਤੇ ਬਚਾਅ ਕਾਰਜਾਂ ਵਿਚ ਲੱਗੀ ਟੀਮ ਨੂੰ ਹੈਲੀਕਾਪਟਰ ਦਾ ਮਲਬਾ ਅਗਲੇ ਦਿਨ ਮਿਲਿਆ ਸੀ। ਰੂਸ ਦੀ ਸਰਕਾਰੀ ਖ਼ਬਰ ਏਜੰਸੀ ਰੀਆ ਨੋਵੋਸਤੀ ਨੇ ਐਮਰਜੈਂਸੀਜ਼ ਮੰਤਰਾਲੇ ਦੇ ਹਵਾਲੇ ਨਾਲ ਕਿਹਾ ਕਿ ਹਾਦਸਾ ਖ਼ਰਾਬ ਮੌਸਮ ਕਾਰਨ ਹੋਇਆ। -ਏਪੀ





# ਸਿਨੇਮਾ ਸਿਰਫ਼ ਮਨੋਰੰਜਨ ਲਈ ਹੋਵੇ: ਘੁੱਗੀ


ਅਦਾਕਾਰ ਤੇ ਕਾਮੇਡੀਅਨ ਗੁਰਪ੍ਰੀਤ ਘੁੱਗੀ ਨੇ ਕੰਗਨਾ ਰਣੌਤ ਦੀ ਆਉਣ ਵਾਲੀ ਫ਼ਿਲਮ 'ਐਮਰਜੈਂਸੀ' ਦੇ ਮੁਲਤਵੀ ਹੋਣ 'ਤੇ ਅੱਜ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਕੋਈ ਵੀ ਫਿਲਮ ਏਜੰਡੇ ਨੂੰ ਮੁੱਖ ਰੱਖ ਕੇ ਬਣਾਈ ਨਹੀਂ ਜਾਣੀ ਚਾਹੀਦੀ ਅਤੇ ਫਿਲਮ ਲਈ ਸਿਨੇਮਾ ਦੀ ਦੁਰਵਰਤੋਂ ਵੀ ਨਹੀਂ ਕਰਨੀ ਚਾਹੀਦੀ। ਗੁਰਪ੍ਰੀਤ ਘੁੱਗੀ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਦੀ ਪ੍ਰਮੋਸ਼ਨ ਕਰਨ ਲਈ ਕੌਮੀ ਰਾਜਧਾਨੀ ਵਿੱਚ ਪੁੱਜੇ। ਇਸ ਮੌਕੇ ਗਿੱਪੀ ਗਰੇਵਾਲ ਅਤੇ ਜੈਸਮੀਨ ਭਸੀਨ ਤੇ ਫਿਲਮ ਦੇ ਹੋਰ ਸਹਿ-ਅਦਾਕਾਰ ਵੀ ਮੌਜੂਦ ਸਨ। ਇਸ ਦੌਰਾਨ ਗੁਰਪ੍ਰੀਤ ਘੁੱਗੀ ਨੇ ਮੀਡੀਆ ਨਾਲ ਫਿਲਮ 'ਐਮਰਜੈਂਸੀ' ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਇਸ ਫਿਲਮ ਨੂੰ ਹਾਲੇ ਤਕ ਸੈਂਸਰ ਬੋਰਡ ਨੇ ਸਰਟੀਫਿਕੇਟ ਜਾਰੀ ਨਹੀਂ ਕੀਤਾ, ਜਿਸ ਕਰ ਕੇ ਇਹ ਫਿਲਮ 6 ਸਤੰਬਰ ਨੂੰ ਰਿਲੀਜ਼ ਨਹੀਂ ਹੋਵੇਗੀ। ਇਸ ਸਬੰਧੀ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਾਈ ਗਈ ਸੀ, ਜਿਸ ਦਾ ਅਦਾਲਤ ਨੇ ਨਿਪਟਾਰਾ ਕਰ ਦਿੱਤਾ ਹੈ। ਪਟੀਸ਼ਨਕਰਤਾਵਾਂ ਵਿੱਚੋਂ ਇੱਕ ਨੇ ਕਿਹਾ ਸੀ ਕਿ ਫਿਲਮ ਵਿੱਚ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਦ੍ਰਿਸ਼ ਹਨ। ਪਟੀਸ਼ਨਕਰਤਾਵਾਂ ਨੇ ਕੇਂਦਰ ਅਤੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀਬੀਐੱਫਸੀ) ਨੂੰ ਫਿਲਮ ਦੇ ਸਰਟੀਫਿਕੇਟ ਨੂੰ ਰੱਦ ਕਰਨ ਅਤੇ 'ਇਤਰਾਜ਼ਯੋਗ' ਦ੍ਰਿਸ਼ਾਂ ਨੂੰ ਹਟਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਅਦਾਲਤ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਸਿੱਖ ਬੁੱਧੀਜੀਵੀਆਂ ਵਾਲੇ ਮਾਹਿਰ ਪੈਨਲ ਤੋਂ ਫਿਲਮ ਦੀ ਸਮੀਖਿਆ ਕਰਵਾਈ ਜਾਵੇ। ਇਸ ਬਾਰੇ ਘੁੱਗੀ ਨੇ ਕਿਹਾ,' 'ਫਿਲਮ 'ਐਮਰਜੈਂਸੀ' ਕੇ ਬਾਰੇ ਮੇਂ ਇਤਰਾਜ਼ ਜਤਾਇਆ ਜਾ ਰਹਾ ਹੈ.. ਹਮ ਭੀ ਉਸੀ ਭਾਈਚਾਰੇ ਸੇ ਹੈਂ, ਹਮ ਭੀ ਫਿਲਮ ਬਨਾਤੇ ਹੈਂ। ਹਮ ਨੇ ਭੀ ਫਿਲਮੇਂ ਬਨਾਈ ਹੈਂ ਮਨੋਰੰਜਨ ਕੇ ਲਈ, ਅਗਰ ਮੈਂ ਇਸ ਮੇ ਕੋਈ ਏਜੰਡਾ ਲੇ ਕਰ ਆਉਂਗਾ ਤੋ ਗਲਤ ਬਾਤ ਹੈ।'

# ਫਿਲਮ 'ਐਮਰਜੈਂਸੀ' ਉੱਤੇ ਸੈਂਸਰ ਬੋਰਡ ਦਾ ਪ੍ਰਮਾਣ ਪੱਤਰ ਨਾ ਮਿਲਣਾ ਕਾਫੀ ਅਫਸੋਸਨਾਕ: ਕੰਗਨਾ ਰਣੌਤ




ਆਪਣੀ ਫਿਲਮ 'ਐਮਰਜੈਂਸੀ' ਨੂੰ ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ (ਸੀਬੀਐੱਫਸੀ) ਤੋਂ ਪ੍ਰਮਾਣ ਪੱਤਰ ਨਾ ਮਿਲਣ ਅਤੇ 6 ਸਤੰਬਰ ਨੂੰ ਪ੍ਰਸਤਾਵਿਤ ਇਸ ਦਾ ਪ੍ਰਦਰਸ਼ਨ ਅੱਧ ਵਿਚਾਲੇ ਲਟਕਣ ਵਿਚਾਲੇ ਅਦਾਕਾਰਾ ਕੰਗਨਾ ਰਣੌਤ ਨੇ ਅੱਜ ਕਿਹਾ ਕਿ ਇਹ ਬਹੁਤ ਹੀ ਅਫਸੋਸਨਾਕ ਅਤੇ ਅਨਿਆਂਪੂਰਨ ਹੈ ਕਿ ਸੈਂਸਰਸ਼ਿਪ ਸਿਰਫ਼ ਉਨ੍ਹਾਂ ਦੀ ਫਿਲਮ ਵਾਸਤੇ ਹੈ। ਕੰਗਨਾ ਨੇ ਕਿਹਾ ਕਿ ਸਿਰਫ ਇਤਿਹਾਸਕ ਤੱਥਾਂ 'ਤੇ ਫਿਲਮ ਬਣਾਉਣ ਵਾਲਿਆਂ 'ਤੇ ਸੈਂਸਰਸ਼ਿਪ ਹੈ ਪਰ ਹਿੰਸਾ ਤੇ ਨੰਗੇਜ਼ ਦਿਖਾਇਆ ਜਾ ਸਕਦਾ ਹੈ।

# ਰਾਜ ਕੁਮਾਰ ਰਾਓ ਦੀ ਫਿਲਮ 'ਮਾਲਿਕ' ਦਾ ਪੋਸਟਰ ਰਿਲੀਜ਼





ਅਦਾਕਾਰ ਰਾਜ ਕੁਮਾਰ ਰਾਓ ਨੇ ਅੱਜ ਸੋਸ਼ਲ ਮੀਡੀਆ 'ਤੇ ਆਪਣੀ ਆਉਣ ਵਾਲੀ ਫਿਲਮ 'ਮਾਲਿਕ' ਦਾ ਪੋਸਟਰ ਰਿਲੀਜ਼ ਕੀਤਾ ਹੈ। ਪੁਲਕਿਤ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ 'ਟਿਪਸ ਫਿਲਮਜ਼' ਅਤੇ 'ਨਾਰਦਰਨ ਲਾਈਟਸ ਫਿਲਮਜ਼' ਦੇ ਬੈਨਰ ਹੇਠ ਰਿਲੀਜ਼ ਹੋਵੇਗੀ। ਉਸ ਨੇ ਇੰਸਟਾਗ੍ਰਾਮ 'ਤੇ ਪੋਸਟਰ ਸਾਂਝਾ ਕਰਦਿਆਂ ਦੱਸਿਆ ਕਿ ਉਸ ਨੇ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਫਿਲਮ ਵਿੱਚ ਰਾਜ ਕੁਮਾਰ ਗੈਂਗਸਟਰ ਦੀ ਭੂਮਿਕਾ ਨਿਭਾਏਗਾ। ਉਸ ਨੇ ਕਿਹਾ, 'ਮਾਲਿਕ ਦੀ ਦੁਨੀਆਂ ਵਿੱਚ ਤੁਹਾਡਾ ਸਵਾਗਤ ਹੈ। ਸ਼ੂਟਿੰਗ ਸ਼ੁਰੂ ਹੋ ਚੁੱਕੀ ਹੈ। ਜਲਦੀ ਹੀ ਮੁਲਾਕਾਤ ਹੋਵੇਗੀ।' ਜ਼ਿਕਰਯੋਗ ਹੈ ਕਿ ਪੁਲਕਿਤ ਭੂਮੀ ਪੇਡਨੇਕਰ ਦੀ 'ਭਕਸ਼ਕ' ਅਤੇ 'ਡੇਢ ਬੀਘਾ ਜ਼ਮੀਨ' ਵਰਗੀਆਂ ਫਿਲਮਾਂ ਲਈ ਮਸ਼ਹੂਰ ਹੈ। 'ਮਾਲਿਕ' ਦਾ ਨਿਰਮਾਣ ਕੁਮਾਰ ਤੁਰਾਨੀ ਨੇ ਕੀਤਾ ਹੈ। ਹਾਲ ਹੀ ਵਿੱਚ ਰਾਜ ਕੁਮਾਰ 'ਸਤ੍ਰੀ 2' ਵਿੱਚ ਨਜ਼ਰ ਆਇਆ ਸੀ। ਇਹ ਫਿਲਮ ਆਲਮੀ ਪੱਧਰ 'ਤੇ 600 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਚੁੱਕੀ ਹੈ। ਆਉਣ ਵਾਲੇ ਦਿਨਾਂ ਵਿੱਚ ਉਹ 'ਮਾਲਿਕ' ਤੋਂ ਇਲਾਵਾ ਫਿਲਮ 'ਵਿੱਕੀ ਵਿਦਿਆ ਕਾ ਵੋਹ ਵਾਲਾ ਵੀਡੀਓ' ਵਿੱਚ ਨਜ਼ਰ ਆਵੇਗਾ।

# ਨੈੱਟਫਲਿਕਸ ਸੀਰੀਜ਼ 'ਆਈਸੀ 814: ਦਿ ਕੰਧਾਰ ਹਾਈਜੈਕ' ਦੇ ਬਾਈਕਾਟ ਦਾ ਸੱਦਾ


ਸੋਸ਼ਲ ਮੀਡੀਆ 'ਤੇ ਸਰਗਰਮ ਲੋਕਾਂ ਦੇ ਇੱਕ ਹਿੱਸੇ ਵੱਲੋਂ ਨੈੱਟਫਲਿਕਸ 'ਤੇ ਦਿਖਾਈ ਜਾ ਰਹੀ ਸੀਰੀਜ਼ 'ਆਈਸੀ 814: ਦਿ ਕੰਧਾਰ ਹਾਈਜੈਕ' ਦੇ ਬਾਈਕਾਟ ਦੀ ਮੰਗ ਕੀਤੀ ਜਾ ਰਹੀ ਹੈ। ਉਹ ਦੋਸ਼ ਲਾ ਰਹੇ ਹਨ ਕਿ 1999 ਦੀ ਘਟਨਾ ਵਿੱਚ ਸ਼ਾਮਲ ਦਹਿਸ਼ਤਗਰਦਾਂ ਦੀ ਅਸਲ ਪਛਾਣ ਨੂੰ ਇਸ ਸੀਰੀਜ਼ ਵਿਚ ਛੁਪਾਇਆ ਗਿਆ ਹੈ। ਦੂਜੇ ਪਾਸੇ ਇਸ ਫਿਲਮ ਦੇ ਕਾਸਟਿੰਗ ਡਾਇਰੈਕਟਰ ਮੁਕੇਸ਼ ਛਾਬੜਾ ਨੇ ਦਾਅਵਾ ਕੀਤਾ ਹੈ ਕਿ ਦਹਿਸ਼ਤਗਰਦਾਂ ਨੇ ਇੱਕ ਦੂਜੇ ਨੂੰ ਸੱਦਣ ਲਈ ਛੋਟੇ ਨਾਂ (ਉਪਨਾਮ) ਰੱਖੇ ਹੋਏ ਸੀ ਅਤੇ ਇਹ ਸੀਰੀਜ਼ ਬਣਾਉਣ ਲਈ ਸਾਰੇ ਪੱਖਾਂ ਨੂੰ ਸਹੀ ਢੰਗ ਨਾਲ ਵਾਚਿਆ ਗਿਆ ਸੀ। ਇਸ ਫਿਲਮ ਦਾ ਨਿਰਦੇਸ਼ਨ ਅਨੁਭਵ ਸਿਨਹਾ ਨੇ ਕੀਤਾ ਹੈ। ਇਹ ਸੀਰੀਜ਼ ਕਾਠਮੰਡੂ ਤੋਂ ਏਅਰ ਇੰਡੀਆ ਦੀ ਉਡਾਣ ਨੂੰ 24 ਦਸੰਬਰ, 1999 ਨੂੰ ਪੰਜ ਦਹਿਸ਼ਤਗਰਦਾਂ ਵੱਲੋਂ ਅਗਵਾ ਕਰਨ ਦੀ ਘਟਨਾ 'ਤੇ ਆਧਾਰਿਤ ਹੈ। ਦੂਜੇ ਪਾਸੇ ਸੋਸ਼ਲ ਮੀਡੀਆ ਐਕਸ 'ਤੇ #ਬਾਈਕਾਟ ਨੈੱਟਫਲਿਕਸ, #ਬਾਈਕਾਟ ਬੌਲੀਵੁਡ ਅਤੇ #ਆਈਸੀ 814 ਹੈਸ਼ਟੈਗ ਦੀ ਵਰਤੋਂ ਕਰਦਿਆਂ ਇਸ ਸੀਰੀਜ਼ ਨੂੰ ਨਾ ਦੇਖਣ ਬਾਰੇ ਕਿਹਾ ਜਾ ਰਿਹਾ ਹੈ। ਸੀਰੀਜ਼ ਦਾ ਬਾਈਕਾਟ ਕਰਨ ਵਾਲੇ ਦਾਅਵਾ ਕਰ ਰਹੇ ਹਨ ਕਿ ਸੀਰੀਜ਼ ਦੇ ਨਿਰਮਾਤਾਵਾਂ ਨੇ ਇਕ ਫਿਰਕੇ ਦੇ ਦਹਿਸ਼ਤਗਰਦਾਂ ਨੂੰ ਬਚਾਉਣ ਲਈ ਅਗਵਾਕਾਰਾਂ ਦੇ ਨਾਂ ਬਦਲ ਕੇ ਸ਼ੰਕਰ ਅਤੇ ਭੋਲਾ ਰੱਖ ਦਿੱਤੇ ਹਨ। ਉਹ ਦੋਸ਼ ਲਾ ਰਹੇ ਹਨ ਕਿ ਸੀਰੀਜ਼ ਦੇ ਨਿਰਦੇਸ਼ਕ ਨੇ ਇਸ ਘਟਨਾ ਦੇ ਸਾਰੇ ਤੱਥ ਤੋੜ ਮਰੋੜ ਕੇ ਪੇਸ਼ ਕੀਤੇ ਹਨ। ਇਕ ਨੇ ਸੋਸ਼ਲ ਮੀਡੀਆ 'ਤੇ ਲਿਖਿਆ, 'ਆਈਸੀ 814 ਵਿਚ ਸ਼ਾਮਲ ਦਹਿਸ਼ਤਗਰਦਾਂ ਦੇ ਨਾਂ ਅਹਿਮਦ ਉਮਰ ਸਈਦ ਸ਼ੇਖ, ਮਸੂਦ ਅਜ਼ਹਰ ਅਤੇ ਮੁਸ਼ਤਾਕ ਅਹਿਮਦ ਜ਼ਰਗਰ ਸਨ ਜਿਨ੍ਹਾਂ ਨੂੰ ਬਦਲ ਕੇ ਸ਼ੰਕਰ ਅਤੇ ਭੋਲਾ ਰੱਖ ਦਿੱਤਾ ਗਿਆ।' ਜ਼ਿਕਰਯੋਗ ਹੈ ਕਿ ਏਅਰ ਇੰਡੀਆ ਵਿੱਚ ਸਵਾਰ 154 ਯਾਤਰੀਆਂ ਅਤੇ ਚਾਲਕ ਦਲ ਨੂੰ ਅੱਠ ਦਿਨਾਂ ਤੱਕ ਬੰਦੀ ਬਣਾ ਕੇ ਰੱਖਿਆ ਗਿਆ ਸੀ ਅਤੇ ਸੰਘਰਸ਼ ਉਦੋਂ ਖ਼ਤਮ ਹੋਇਆ ਸੀ ਜਦੋਂ ਕੱਟੜ ਦਹਿਸ਼ਤਗਰਦ ਮਸੂਦ ਅਜ਼ਹਰ, ਉਮਰ ਸ਼ੇਖ ਅਤੇ ਮੁਸ਼ਤਾਕ ਅਹਿਮਦ ਜ਼ਰਗਰ ਨੂੰ ਰਿਹਾਅ ਕੀਤਾ ਗਿਆ ਅਤੇ ਭਾਰਤ ਦੇ ਤਤਕਾਲੀ ਵਿਦੇਸ਼ ਮੰਤਰੀ ਜਸਵੰਤ ਸਿੰਘ ਉਨ੍ਹਾਂ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਕੰਧਾਰ ਲੈ ਕੇ ਗਏ ਸਨ



# ਸਿਨੇ ਜਗਤ 'ਚ ਵਾਪਸੀ ਲਈ ਉਤਸ਼ਾਹਤ ਹੈ ਸੋਨਮ ਕਪੂਰ

ਬੌਲੀਵੁਡ ਅਦਾਕਾਰਾ ਸੋਨਮ ਕਪੂਰ ਪਰਦੇ 'ਤੇ ਵਾਪਸੀ ਕਰਨ ਲਈ ਉਤਸ਼ਾਹਿਤ ਹੈ। ਉਸ ਨੇ ਗਰਭਵਤੀ ਹੋਣ ਤੋਂ ਬਾਅਦ ਫਿਲਮਾਂ ਤੇ ਓਟੀਟੀ ਪਲੇਟਫਾਰਮ ਤੋਂ ਦੂਰੀ ਬਣਾਈ ਸੀ ਪਰ ਉਹ ਅਗਲੇ ਸਾਲ ਦੇ ਸ਼ੁਰੂ ਵਿੱਚ ਨਵੇਂ ਪ੍ਰਾਜੈਕਟ ਦੀ ਸ਼ੂਟਿੰਗ ਸ਼ੁਰੂ ਕਰਨ ਜਾ ਰਹੀ ਹੈ। ਸੋਨਮ ਨੇ ਕਿਹਾ ਕਿ ਉਹ ਫਿਲਮਾਂ ਜ਼ਰੀਏ ਬਹੁਤ ਸਾਰੇ ਦਿਲਚਸਪ ਕਿਰਦਾਰਾਂ ਬਾਰੇ ਕੰਮ ਕਰਨਾ ਪਸੰਦ ਕਰਦੀ ਹੈ। ਸੋਨਮ ਨੇ ਪੁਸ਼ਟੀ ਕਰਦਿਆਂ ਕਿਹਾ,'ਮੈਂ ਬੱਚੇ ਦੇ ਜਨਮ ਤੋਂ ਬਾਅਦ ਕੈਮਰੇ ਦਾ ਸਾਹਮਣਾ ਕਰਨ ਲਈ ਬਹੁਤ ਉਤਸ਼ਾਹਿਤ ਹਾਂ। ਮੈਨੂੰ ਅਦਾਕਾਰਾ ਬਣਨਾ ਪਸੰਦ ਹੈ ਅਤੇ ਮੈਂ ਆਪਣੇ ਪੇਸ਼ੇ ਰਾਹੀਂ ਦਿਲਚਸਪ ਕਿਰਦਾਰਾਂ ਨੂੰ ਜਿਉਣਾ ਚਾਹੁੰਦੀ ਹਾਂ ਅਤੇ ਮੈਨੂੰ ਵੱਖ-ਵੱਖ ਕਿਰਦਾਰ ਨਿਭਾਉਣਾ ਪਸੰਦ ਹੈ। ਮੈਂ ਆਪਣੇ ਅਗਲੇ ਪ੍ਰਾਜੈਕਟ ਦੀ ਉਡੀਕ ਕਰ ਰਹੀ ਹਾਂ।' ਸੋਨਮ ਨੇ ਆਪਣੇ ਪ੍ਰਾਜੈਕਟ ਬਾਰੇ ਹੋਰ ਵੇਰਵੇ ਨਹੀਂ ਦਿੱਤੇ ਕਿ ਇਹ ਫਿਲਮ ਹੋਵੇਗੀ ਜਾਂ ਕੁਝ ਹੋਰ। ਪਰ ਇਹ ਕਿਆਸ ਲਾਏ ਜਾ ਰਹੇ ਹਨ ਕਿ ਉਹ ਵੱਡੇ ਬਜਟ ਵਾਲੀ ਓਟੀਟੀ ਸੀਰੀਜ਼ ਵਿਚ ਨਜ਼ਰ ਆਵੇਗੀ। ਜ਼ਿਕਰਯੋਗ ਹੈ ਕਿ ਸੋਨਮ ਨੇ ਸੋਸ਼ਲ ਮੀਡੀਆ 'ਤੇ ਹਾਲ ਹੀ ਵਿੱਚ ਆਪਣੀ ਭੈਣ ਰੀਆ ਕਪੂਰ ਅਤੇ ਉਸ ਦੇ ਦੋਸਤਾਂ ਨਾਲ ਭਾਰਤੀ ਰੇਸਤਰਾਂ ਵਿੱਚ ਖਾਣਾ ਖਾਂਦਿਆਂ ਦੀ ਤਸਵੀਰ ਸਾਂਝੀ ਕੀਤੀ ਸੀ, ਜਿਥੋਂ ਤੱਕ ਕੰਮ ਦਾ ਸਵਾਲ ਹੈ ਤਾਂ ਸੋਨਮ ਨੇ ਫਿਲਮ ਨਿਰਮਾਤਾ ਸੰਜੈ ਲੀਲਾ ਭੰਸਾਲੀ ਦੀ ਫਿਲਮ 'ਬਲੈਕ' ਨਾਲ ਸਹਾਇਕ ਨਿਰਦੇਸ਼ਕ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਨੇ ਰਣਬੀਰ ਕਪੂਰ ਨਾਲ 2007 ਵਿੱਚ ਰੋਮਾਂਟਿਕ ਡਰਾਮਾ 'ਸਾਂਵਰੀਆ' ਨਾਲ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ।




# ਭਾਰਤ ਵਿਚ ਮਨੁੱਖੀ ਅਜ਼ਾਦੀ ਤੇ ਲੋਕ ਅਧਿਕਾਰ ਬਚਾਉਣ ਲਈ ਲੋਕ ਲਹਿਰ ਦੀ ਲੋੜ

ਡਾਕਟਰ ਸੁਚਾ ਸਿੰਘ ਗਿਲ
ਅਰਥ ਸ਼ਾਸ਼ਤਰੀ

ਭਾਰਤ ਦੇ ਸੰਵਿਧਾਨ ਵਿਚ ਮੌਲਿਕ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਦਿੱਤੀ ਗਈ ਸੀ ।ਹਰ ਨਾਗਰਿਕ ਨੂੰ ਦੇਸ਼ ਦੇ ਕਿਸੇ ਵੀ ਹਿੱਸੇ/ ਸੂਬੇ ਵਿਚ ਕੰਮ ਕਰਨ ਜਾਂ ਰੁਜ਼ਗਾਰ ਪ੍ਰਾਪਤ ਕਰਨ , ਜਥੇਬੰਦੀਆਂ ਬਣਾਉਣ ਅਤੇ ਉਨ੍ਹਾਂ ਦੇ ਮੈਂਬਰ ਬਣਨ ਦੀ ਖੁੱਲ੍ਹ ਦਿੱਤੀ ਗਈ ਸੀ ।

ਸੂਬਿਆਂ ਦੀ ਖ਼ੁਦਮੁਖ਼ਤਿਆਰੀ ਵਾਸਤੇ ਮੱਦਾਂ ਦੀ ਸਪੈਸ਼ਲ ਸੂਚੀ ਤਿਆਰ ਕੀਤੀ ਗਈ, ਜਿਨ੍ਹਾਂ ‘ਤੇ ਵਿਧਾਨ ਸਭਾ ਨੂੰ ਕਾਨੂੰਨ ਬਣਾਉਣ ਅਤੇ ਰਾਜ ਸਰਕਾਰਾਂ ਨੂੰ ਕਾਨੂੰਨ ਲਾਗੂ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ ।ਦੇਸ਼ ਦੀ ਜਮਹੂਰੀਅਤ ਦਾ ਖਾਸਾ ਸੰਘੀ ਢਾਂਚੇ ‘ਤੇ ਅਧਾਰਿਤ ਹੈ। ਭਾਰਤ ਸੂਬਿਆਂ ਦੀ ਯੂਨੀਅਨ ਵਾਲਾ ਇਕ ਦੇਸ਼ ਹੈ ।ਜਮਹੂਰੀਅਤ ਨੂੰ ਕਾਮਯਾਬ ਬਣਾਉਣ ਲਈ ਕਾਰਜਕਾਰਨੀ, ਨਿਆਂਪਾਲਿਕਾ ਅਤੇ ਕਾਨੂੰਨ ਘੜਨੀ (ਪਾਰਲੀਮੈਂਟ ਅਤੇ ਵਿਧਾਨ ਸਭਾਵਾਂ) ਨੂੰ ਇਕ ਦੂਜੇ ਤੋਂ ਖ਼ੁਦਮੁਖ਼ਤਿਆਰ ਰੱਖਿਆ ਗਿਆ ਹੈ। ਦੇਸ਼ ਦੇ ਅਰਥਚਾਰੇ ਵਾਸਤੇ ਨਿਰਦੇਸ਼ਕ ਸਿਧਾਂਤਾਂ ਵਿਚ ਆਰਥਿਕ ਵਿਕਾਸ ਦੀ ਪ੍ਰਕਿਰਿਆ ਵਿਚ ਧਨ ਦੌਲਤ ਦੇ ਥੋੜ੍ਹੇ ਹੱਥਾਂ ਵਿਚ ਇਕੱਠੇ ਨਾ ਹੋਣ ਬਾਰੇ ਨੀਤੀ ਨਿਰਦੇਸ਼ ਦਿੱਤੇ ਗਏ ਸਨ। ਇਨ੍ਹਾਂ ਨਿਰਦੇਸ਼ਾਂ ਅਨੁਸਾਰ ਦੇਸ਼ ਦੀ ਆਰਥਿਕਤਾ ਦਾ ਵਿਕਾਸ ਕਰਨ ਵਾਸਤੇ ਯੋਜਨਾ ਕਮਿਸ਼ਨ 1950 ਵਿਚ ਕਾਇਮ ਕੀਤਾ ਗਿਆ ਸੀ ਤਾਂ ਕਿ ਆਰਥਿਕ ਵਿਕਾਸ ਦੇ ਨਾਲ-ਨਾਲ ਆਰਥਿਕ ਬਰਾਬਰਤਾ ਨੂੰ ਵੀ ਪ੍ਰਾਪਤ ਕੀਤਾ ਜਾ ਸਕੇ। ਭੂਮੀ ਸੁਧਾਰਾਂ ਤਹਿਤ ਭੂਮੀ ਮਾਲਕੀ ਦੀ ਉਪਰਲੀ ਸੀਮਾ ਨਿਸ਼ਚਿਤ ਕੀਤੀ ਗਈ ਸੀ । ਉਦਯੋਗਿਕ ਸੈਕਟਰ ਵਿਚ ਭਾਰੀ ਅਤੇ ਮੁਢਲੇ ਉਦਯੋਗ ਜਿਵੇਂ ਸਟੀਲ, ਭਾਰੀ ਮਸ਼ੀਨਾਂ, ਰੇਲਵੇ, ਖਾਣਾਂ, ਫ਼ੌਜੀ ਸੁਰੱਖਿਆ ਨਾਲ ਸਬੰਧਤ ਸਾਜ਼ੋ ਸਾਮਾਨ ਆਦਿ ਨੂੰ ਪਬਲਿਕ ਖੇਤਰ ਵਾਸਤੇ ਰਿਜ਼ਰਵ ਰੱਖਿਆ ਗਿਆ ਸੀ ।ਪਬਲਿਕ ਖੇਤਰ ਦੇ ਅਦਾਰੇ ਮੁਲਾਜ਼ਮਾਂ ਦੇ ਰੁਜ਼ਗਾਰ ਵਾਸਤੇ ਮਾਡਲ ਰੁਜ਼ਗਾਰਦਾਤਾ ਮੰਨੇ ਗਏ ਸਨ । ਮੁਲਾਜ਼ਮਾਂ ਨੂੰ ਮਿਆਰੀ ਉਜਰਤਾਂ/ ਤਨਖਾਹਾਂ, ਭੱਤੇ, ਪ੍ਰਾਵੀਡੈਂਟ ਫੰਡ/ ਪੈਨਸ਼ਨਾਂ, ਹਫਤੇ ਵਿਚ ਇਕ ਜਾਂ ਦੋ ਦਿਨਾਂ ਦੀ ਛੁੱਟੀ, ਬੀਮਾਰੀ ਦੀ ਛੁੱਟੀ ਅਤੇ ਔਰਤਾਂ ਵਾਸਤੇ ਜਣੇਪੇ ਦੀ ਤਨਖਾਹ ਨਾਲ ਪ੍ਰਸੂਤੀ ਛੁੱਟੀ ਆਦਿ ਦੀ ਵਿਵਸਥਾ ਕੀਤੀ ਗਈ ਸੀ ਙ ਪ੍ਰਾਈਵੇਟ ਸੈਕਟਰ ਤੋਂ ਇਸ ਆਧਾਰ ‘ਤੇ ਮੁਲਾਜ਼ਮਾਂ/ਮਜ਼ਦੂਰਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਵੱਡੀਆਂ ਇਕਾਈਆਂ ਲਈ ਕਾਨੂੰਨ ਬਣਾਏ ਗਏ ਸਨ ।ਇਸ ਨਾਲ ਸੰਗਠਿਤ ਖੇਤਰ ਵਿਚ ਰੁਜ਼ਗਾਰ ਦੀ ਗੁਣਵੱਤਾ ਵਿਚ ਸੁਧਾਰ ਆਇਆ ਸੀ ।ਸੰਗਠਿਤ ਖੇਤਰ ਦੀਆਂ ਪਬਲਿਕ ਅਤੇ ਪ੍ਰਾਈਵੇਟ ਇਕਾਈਆਂ ਵਿਚ ਮੁਲਾਜ਼ਮਾਂ/ਮਜ਼ਦੂਰਾਂ ਦੀਆਂ ਯੂਨੀਅਨਾਂ ਨੇ ਇਸ ਨੂੰ ਸੁਨਿਸ਼ਚਿਤ ਵੀ ਕਰ ਦਿੱਤਾ ਸੀ। ਪਰ ਗੈਰ ਸੰਗਠਿਤ ਖੇਤਰ ਵਿਚ ਇਹ ਸਭ ਕੁਝ ਲਾਗੂ ਨਹੀਂ ਹੋ ਸਕਿਆ।

ਕੇਂਦਰ ਸਰਕਾਰਾਂ ਵਲੋਂ ਸੰਵਿਧਾਨ ਵਿਚ ਸੋਧਾਂ ਕਰਕੇ ਸੂਬਿਆਂ ਦੇ ਕੁਝ ਅਧਿਕਾਰਾਂ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਙ ਦੇਸ਼ ਵਿਆਪੀ ਐਮਰਜੈਂਸੀ (1975-77) ਦੌਰਾਨ ਵਿੱਦਿਆ ਦੀ ਮੱਦ ਨੂੰ ਸਟੇਟ ਲਿਸਟ ਵਿਚੋਂ ਕੱਢ ਕੇ ਸਾਂਝੀ ਲਿਸਟ ਵਿਚ ਸ਼ਾਮਿਲ ਕਰ ਲਿਆ ਗਿਆ ਸੀ । ਜੀ ਐਸ ਟੀ ਬਾਰੇ ਕਾਨੂੰਨ ਸਤੰਬਰ 2016 ਵਿਚ ਪਾਸ ਕਰਕੇ ਇਸ ਨੂੰ 2017 ਵਿਚ ਲਾਗੂ ਕੀਤਾ ਗਿਆ। ਇਸ ਨਾਲ ਸੂਬਿਆਂ ਤੋਂ ਟੈਕਸ ਲਾਉਣ ਦੀ ਕਾਫੀ ਤਾਕਤ ਕੇਂਦਰ ਸਰਕਾਰ ਨੇ ਆਪਣੇ ਹੱਥ ਵਿਚ ਲੈ ਲਈ ਸੀ ।ਇਸ ਦਾ ਖਮਿਆਜ਼ਾ ਹੁਣ ਸੂਬਿਆਂ ਨੂੰ ਭੁਗਤਣਾ ਪੈ ਰਿਹਾ ਹੈ ।ਜਿਨ੍ਹਾਂ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ ਉਨ੍ਹਾਂ ਨੂੰ ਟੈਕਸ ਦੇ ਬਣਦੇ ਹਿੱਸੇ ਦਾ ਦੇਰੀ ਨਾਲ ਭੁਗਤਾਨ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਵਲੋਂ 2020 ਵਿਚ ਖੇਤੀ ਨਾਲ ਸਬੰਧਿਤ ਤਿੰਨ ਕਾਨੂੰਨ ਪਾਸ ਕਰਕੇ ਸੂਬਿਆਂ ਦੇ ਅਧਿਕਾਰਾਂ ‘ਤੇ ਡੂੰਘੀ ਸੱਟ ਮਾਰੀ ਗਈ ਸੀ ।ਕਿਸਾਨਾਂ ਦੇ ਵਿਰੋਧ ਕਾਰਨ ਇਨ੍ਹਾਂ ਕਾਨੂੰਨਾਂ ਨੂੰ 2021 ਵਿਚ ਵਾਪਸ ਲੈਣਾ ਪਿਆ ਸੀ। ਹੁਣ ਬਾਰਡਰ ਏਰੀਆ ਦੀ ਪੱਟੀ 10 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤੀ ਗਈ ਹੈ। ਇਸ ਨਾਲ ਬਾਰਡਰ ਨਾਲ ਲਗਦੇ ਸੂਬਿਆਂ ਦੇ ਕਾਫੀ ਵੱਡੇ ਇਲਾਕਿਆਂ ਤੇ ਦੇਸ਼ ਦੀ ਸੁਰੱਖਿਆ ਦੇ ਨਾਂਅ ‘ਤੇ ਕੇਂਦਰ ਸਰਕਾਰ ਵਲੋਂ ਆਪਣੀ ਦਖਲਅੰਦਾਜ਼ੀ ਵਧਾਈ ਗਈ ਹੈ ।ਗਵਰਨਰ ਦੇ ਅਹੁਦੇ ਨੂੰ ਵਰਤ ਕੇ ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ। ਪਿਛਲੇ ਸਾਲ (2023) ਬਸਤੀਵਾਦੀ ਸਮੇਂ ਦੇ ਅਪਰਾਧ ਨਾਲ ਸਬੰਧਤ ਤਿੰਨ ਕਾਨੂੰਨਾਂ ਵਿਚ ਸੋਧਾਂ ਕਰਕੇ ਦੇਸ਼ ਵਿਚ ਪੁਲੀਸ ਰਾਜ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ।ਨਾਗਰਿਕਾਂ ਨੂੰ ਪੁਛਗਿੱਛ ਲਈ 10 ਦਿਨਾਂ ਦੀ ਬਜਾਏ 90 ਦਿਨ ਲਈ ਪੁਲਿਸ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ਙ ਗੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਤਹਿਤ ਕਿਸੇ ਵਿਅਕਤੀ ‘ਤੇ ਕੇਸ ਦਰਜ ਹੋਣ ‘ਤੇ ਕਈ ਸਾਲ (2 ਸਾਲ ਜਾਂ ਵੱਧ) ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ।ਭੀਮਾ ਕੋਰੇਗਾਓਂ ਕੇਸ ਵਿਚ ਸਮਾਜਿਕ ਜਮਹੂਰੀ ਕਾਰਕੁਨਾਂ ਨੂੰ ਕਈ ਸਾਲ ਜੇਲ੍ਹਾਂ ਵਿਚ ਸੁੱਟਿਆ ਗਿਆ ਸੀ ।ਹੁਣ ਅਰੁੰਧਤੀ ਰਾਏ ਅਤੇ ਸ਼ੇਖ ਸ਼ੌਕਤ ਹੁਸੈਨ ਦੇ ਖ਼ਿਲਾਫ਼ 2010 ਵਿਚ ਦਿੱਤੇ ਭਾਸ਼ਨਾਂ ਦੇ ਆਧਾਰ ‘ਤੇ ਇਸ ਕਾਨੂੰਨ ਤਹਿਤ ਕੇਸ ਦਰਜ ਕਰਨ ਦੀ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਲੋਂ ਪ੍ਰੌਜੈਕਟਸ ਦਿੱਤੀ ਗਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਮਨੀਲਾਂਡਰਿੰਗ ਦਾ ਕੇਸ ਦਰਜ ਕਰਕੇ ਕਿਸੇ ਵਿਅਕਤੀ ਨੂੰ ਲੰਮੇ ਸਮੇਂ ਤੱਕ ਹਿਰਾਸਤ ਵਿਚ ਰੱਖਣ ਦਾ ਅਧਿਕਾਰ ਦਿੱਤਾ ਗਿਆ ਹੈ ।ਸੀ. ਬੀ. ਆਈ. ਦੀ ਵਿਰੋਧੀਆਂ ਖਿਲਾਫ਼ ਦੁਰਵਰਤੋਂ ਕੀਤੀ ਜਾ ਰਹੀ ਹੈ ।ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ। ਇਸ ਨਾਲ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦਾ ਹੱਕ ਖੋਹਿਆ ਜਾ ਰਿਹਾ ਹੈ। ਧਰਮ ਦੇ ਅਧਾਰ ‘ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਦੀ ਪ੍ਰਮੁੱਖ ਮਿਸਾਲ ਇਕ ਸਾਲ ਤੋਂ ਵੱਧ ਸਮੇਂ ਤੱਕ ਮਨੀਪੁਰ ਵਿਚ ਜਾਰੀ ਹਿੰਸਕ ਘਟਨਾਵਾਂ ਤੋਂ ਮਿਲਦੀ ਹੈ। ਹਿੰਦੀ ਪ੍ਰਦੇਸ਼ਾਂ ਵਿਚ ਘੱਟ ਗਿਣਤੀਆਂ ਦੇ ਘਰ ਅਦਾਲਤੀ ਫ਼ੈਸਲਿਆਂ ਤੋਂ ਬਗੈਰ ਬੁਲਡੋਜ਼ਰਾਂ ਨਾਲ ਢਾਏ ਜਾ ਰਹੇ ਹਨ ।ਔਰਤਾਂ ਦੇ ਖਿਲਾਫ ਹਿੰਸਾ ਵਧ ਰਹੀ ਹੈ ਅਤੇ ਹਾਕਮ ਪਾਰਟੀਆਂ ਦੇ ਕਾਰਕੁਨਾਂ ਵਲੋਂ ਇਸ ਵਿਚ ਵਾਧਾ ਕੀਤਾ ਜਾ ਰਿਹਾ ਹੈ ।ਸਰਕਾਰਾਂ ਵਲੋਂ ਪੀੜਤ ਔਰਤਾਂ ਦੀ ਮਦਦ ਕਰਨ ਦੀ ਬਜਾਏ ਪ੍ਰਭਾਵਸ਼ਾਲੀ ਸਿਆਸੀ ਕਾਰਕੁਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ।ਪਹਿਲਵਾਨ ਔਰਤਾਂ ਦੇ ਸੰਘਰਸ਼ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿਵਾਉਣ ਵਿਚ ਸਰਕਾਰਾਂ ਹੱਥ ਪਿੱਛੇ ਖਿੱਚ ਰਹੀਆਂ ਹਨ ।ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਚੋਣ ਕਮਿਸ਼ਨ, ਸੀ.ਬੀ.ਆਈ., ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਅਦਾਲਤਾਂ ਦੀ ਖ਼ੁਦਮੁਖ਼ਤਿਆਰੀ ਕੇਂਦਰ ਸਰਕਾਰ ਵਲੋਂ ਲਗਾਤਾਰ ਘਟਾਈ ਜਾ ਰਹੀ ਹੈ। ਇਸ ਕਾਰਨ ਲੋਕਾਂ ਦਾ ਵਿਸ਼ਵਾਸ ਜਮਹੂਰੀਅਤ ਵਿਚ ਘਟਦਾ ਜਾ ਰਿਹਾ ਹੈ। ਆਰਥਿਕਤਾ ਦੇ ਵਿਕਾਸ ਦਾ ਵਰਤਾਰਾ ਆਮ ਲੋਕਾਂ ਦੀ ਵਿਕਾਸ ਵਿਚ ਸ਼ਮੂਲੀਅਤ ਦੀ ਬਜਾਏ ਕੁੱਝ ਕੁ ਵੱਡੇ ਪੂੰਜੀਪਤੀਆਂ ਨੂੰ ਮਾਲਾਮਾਲ ਕਰ ਰਿਹਾ ਹੈ। ਦੇਸ਼ ਦੇ ਇਕ ਪ੍ਰਤੀਸ਼ਤ ਤੋਂ ਘੱਟ ਦੌਲਤਮੰਦ ਵਿਅਕਤੀਆਂ ਕੋਲ 40 ਫ਼ੀਸਦੀ ਤੋਂ ਵੱਧ ਆਮਦਨ ਇਕੱਠੀ ਹੋ ਗਈ ਹੈ ।ਦੇਸ਼ ਦੀ ਧਨ ਦੌਲਤ ਦਾ ਵੱਡਾ ਹਿੱਸਾ (40.5 ਫ਼ੀਸਦੀ) ਇਨ੍ਹਾਂ ਅਮੀਰਾਂ ਕੋਲ ਇਕੱਠਾ ਹੋ ਗਿਆ ਹੈ ਙ ਦੂਜੇ ਪਾਸੇ 50 ਫ਼ੀਸਦੀ ਗਰੀਬ ਲੋਕਾਂ ਕੋਲ ਦੇਸ਼ ਦੀ ਆਮਦਨ ਦਾ 13.1 ਫ਼ੀਸਦੀ ਹਿੱਸਾ ਅਤੇ ਧਨ ਦੌਲਤ ਦਾ ਸਿਰਫ 5.9 ਫ਼ੀਸਦੀ ਹੀ ਰਹਿ ਗਿਆ ਹੈ ।ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਆਰਥਿਕ ਵਿਕਾਸ ਦਾ ਫਾਇਦਾ ਸਿਰਫ ਉਪਰਲੇ 10 ਫ਼ੀਸਦੀ ਵਿਅਕਤੀਆਂ ਨੂੰ ਹੀ ਹੋ ਰਿਹਾ ਹੈ ਙ ਧਨ ਦੌਲਤ ਵੀ ਇਨ੍ਹਾਂ ਕੋਲ ਇੱਕਠੀ ਹੋ ਰਹੀ ਹੈ ।ਕਿਰਤ ਕਾਨੂੰਨਾਂ ਨੂੰ ਬਦਲ ਕੇ ਲੇਬਰ ਕੋਡ ਬਣਾਏ ਗਏ ਹਨ, ਜਿਨ੍ਹਾਂ ਨਾਲ ਕਿਰਤੀਆਂ ਅਤੇ ਮੁਲਾਜ਼ਮਾਂ ਦੀ ਹੋਰ ਲੁੱਟ ਕਰਨ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ ।ਇਨ੍ਹਾਂ ਕੋਡਾਂ ਨਾਲ ਟਰੇਡ ਯੂਨੀਅਨ ਲਹਿਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ।ਆਮ ਲੋਕ ਮਹਿੰਗਾਈ, ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਬੇਰੁਜ਼ਗਾਰੀ ਦੀ ਸਭ ਤੋਂ ਵੱਧ ਮਾਰ ਨੌਜਵਾਨਾਂ ਨੂੰ ਪੈ ਰਹੀ ਹੈ ਙ ਆਮ ਬੇਰੁਜ਼ਗਾਰੀ ਦੀ ਦਰ ਨੇ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਕੇ 6.5 ਫ਼ੀਸਦੀ ਦਾ ਅੰਕੜਾ ਹਾਸਲ ਕਰ ਲਿਆ ਹੈ ।ਦੇਸ਼ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 22 ਫ਼ੀਸਦੀ ਤੋਂ ਵੱਧ ਹੈ ਙ ਪੰਜਾਬ ਵਰਗੇ ਸੂਬੇ ਵਿਚ ਇਹ ਦਰ 29 ਫ਼ੀਸਦੀ ਰਿਕਾਰਡ ਕੀਤੀ ਗਈ ਹੈ ।ਇਸ ਵਧ ਰਹੀ ਆਰਥਿਕ ਨਾਬਰਾਬਰੀ, ਗਰੀਬੀ ਅਤੇ ਬੇਰੁਜ਼ਗਾਰੀ ਨੇ ਆਮ ਵਿਅਕਤੀ ਵਾਸਤੇ ਚੋਣਾਂ ਲੜਨਾ ਅਸੰਭਵ ਕਰ ਦਿੱਤਾ ਹੈ। ਚੋਣਾਂ ਵਿਚ ਕਰੋੜਾਂ ਰੁਪਏ ਖਰਚ ਕਰਨ ਦੀ ਸਮਰੱਥਾ ਸਿਰਫ਼ ਉਪਰਲੇ 10 ਫ਼ੀਸਦੀ ਵਿਅਕਤੀਆਂ ਕੋਲ ਹੀ ਰਹਿ ਗਈ ਹੈ ।ਆਮ ਵਿਅਕਤੀ ਇਸ ਦੌੜ ਤੋਂ ਬਾਹਰ ਹੋ ਗਏ ਹਨ ।ਇਸ ਕਰਕੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਵਰਤਾਰਾ ਆਮ ਨਾਗਰਿਕਾਂ ਦੇ ਖਿਲਾਫ ਭੁਗਤ ਰਿਹਾ ਹੈ। ਟੈਕਸ ਨਾਲ ਸਬੰਧਤ ਨੀਤੀਆਂ ਵਿਚ ਆਮ ਲੋਕਾਂ ਅਤੇ ਮੱਧ ਵਰਗ ਤੋਂ ਟੈਕਸ ਉਗਰਾਹੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਸਰਕਾਰੀ ਖਰਚੇ ਦੇ ਰੂਪ ਵਿਚ ਅਮੀਰਾਂ ਦੇ ਮੁਫਾਦਾਂ ਵਾਸਤੇ ਵਰਤਿਆ ਜਾਂਦਾ ਹੈ।

# ਚੀਨ ਤੇ ਪੱਛਮ ਅਕਸ ਤੇ ਅਸਲੀਅਤ

**ਲੇਖਕ : ਸੁਰਿੰਦਰ ਸਿੰਘ ਤੇਜ**



ਸਤੰਬਰ 2023 ਵਿੱਚ ਭਾਰਤੀ ਵਣਜ ਮੰਤਰਾਲੇ ਨੇ ਚੀਨ ਤੋਂ ਲੈਪਟੌਪਸ, ਟੈਬਲੈੱਟਸ ਤੇ ਪਰਸਨਲ ਕੰਪਿਊਟਰਾਂ (ਪੀ.ਸੀਜ਼) ਦੀ ਦਰਾਮਦ ਉੱਤੇ ਰੋਕ ਲਗਾ ਦਿੱਤੀ। ਇਜਾਜ਼ਤ ਉਸ ਮੁਲਕ ਤੋਂ ਸਿਰਫ਼ ਕੰਪਿਊਟਰ ਹਾਰਡਵੇਅਰ ਮੰਗਵਾਉਣ ਦੀ ਦਿੱਤੀ ਗਈ। ਕੰਪਿਊਟਰ ਸਨਅਤ ਨੇ ਇਸ ਰੋਕ ਦਾ ਵਿਰੋਧ ਕੀਤਾ। ਮੰਗ ਕੀਤੀ ਗਈ ਕਿ ਇਹ ਬੰਦਸ਼ ਘੱਟੋ ਘੱਟ ਇੱਕ ਮਹੀਨੇ ਲਈ ਮੁਲਤਵੀ ਕੀਤੀ ਜਾਵੇ ਤਾਂ ਜੋ ਪੀ.ਸੀਜ਼ ਦਾ ਨਿਰਮਾਣ ਕਰਨ ਵਾਲੀਆਂ ਭਾਰਤੀ ਕੰਪਨੀਆਂ ਇਸ ਨਿਰਮਾਣ ਤੇ ਵਿਨਿਰਮਾਣ ਵਿੱਚ ਵਰਤੇ ਜਾਂਦੇ ਸਾਜ਼ੋ-ਸਾਮਾਨ ਤੇ ਕਲ-ਪੁਰਜ਼ਿਆਂ ਦੀ ਸਪਲਾਈ ਦੇ ਬਦਲਵੇਂ ਪ੍ਰਬੰਧ ਕਰ ਸਕਣ। ਇਹ ਮੰਗ ਵਾਜਬ ਸੀ, ਸਰਕਾਰ ਆਪਣੇ ਹੁਕਮਾਂ ਨੂੰ 15 ਦਿਨਾਂ ਲਈ ਮੁਲਤਵੀ ਕਰਨ ਵਾਸਤੇ ਰਾਜ਼ੀ ਹੋ ਗਈ। ਪੰਦਰ੍ਹਾਂ ਦਿਨਾਂ ਬਾਅਦ ਫਿਰ ਸ਼ੋਰ-ਸ਼ਰਾਬਾ ਸ਼ੁਰੂ ਹੋ ਗਿਆ ਕਿ ਬਦਲਵੇਂ ਪ੍ਰਬੰਧ ਅਜੇ ਰਵਾਂ ਨਹੀਂ ਹੋਏ, ਇਸ ਕਰਕੇ ਭਾਰਤੀ ਨਿਰਮਾਤਾਵਾਂ ਨੂੰ ਆਲਮੀ ਮੰਡੀ ਵਿੱਚ ਮਾਰ ਪੈਣ ਲੱਗੀ ਹੈ। ਸਰਕਾਰ ਨੇ ਸਾਰੇ ਸ਼ਿਕਵੇ ਦੂਰ ਕਰਨ ਦੀ ਖ਼ਾਤਿਰ ਰੋਕ ਵਾਲਾ ਹੁਕਮ ਮਾਰਚ 2024 ਤੱਕ ਮੁਲਤਵੀ ਕਰ ਦਿੱਤਾ। ਹੁਣ ਇਹ ਅੰਕੜੇ ਸਾਹਮਣੇ ਆਏ ਹਨ ਕਿ ਰੋਕ ਹਟਦਿਆਂ ਹੀ ਪਰਸਨਲ ਕੰਪਿਊਟਰਾਂ ਤੇ ਲੈਪਟੌਪਾਂ ਦੀ ਦਰਾਮਦ ਰਿਕਾਰਡਤੋੜ ਤੇਜ਼ੀ ਨਾਲ ਵਧੀ। ਇਕੱਲੇ ਦਸੰਬਰ 2023 ਵਿੱਚ ਇਹ ਵਾਧਾ 11 ਫ਼ੀਸਦੀ ਤੋਂ ਜ਼ਿਆਦਾ ਸੀ। ਜ਼ਾਹਿਰ ਹੈ ਕਿ 'ਮੇਕ ਇਨ ਇੰਡੀਆ' ਤੇ 'ਆਤਮ-ਨਿਰਭਰ ਭਾਰਤ' ਵਰਗੇ ਸੰਕਲਪਾਂ ਦੀਆਂ ਪਰਚਮਬਰਦਾਰ ਮੰਨੀਆਂ ਜਾਂਦੀਆਂ ਕੰਪਨੀਆਂ ਅਜੇ ਵੀ ਸਹੀ ਮਾਅਨਿਆਂ ਵਿੱਚ ਆਪ ਉਤਪਾਦਨ ਨਹੀਂ ਕਰ ਰਹੀਆਂ ਬਲਕਿ ਆਪਣੇ ਉਤਪਾਦਨ, ਚੀਨ ਤੋਂ ਹੀ ਆਊਟਸੋਰਸ ਕਰ ਰਹੀਆਂ ਹਨ। ਦਾਅਵੇ ਭਾਵੇਂ ਉਹ ਕੁਝ ਵੀ ਕਰਨ।

ਇਕੱਲਾ ਭਾਰਤ ਹੀ ਨਹੀਂ, ਅਮਰੀਕਾ ਤੇ ਉਸ ਦੇ ਯੂਰੋਪੀਅਨ ਭਾਈਵਾਲ ਵੀ ਇਸੇ ਸੂਰਤੇਹਾਲ ਨਾਲ ਜੂਝ ਰਹੇ ਹਨ। ਇਹ ਮੰਨਿਆ ਜਾਂਦਾ ਹੈ ਕਿ ਭਾਰਤ ਉਨ੍ਹਾਂ ਨਾਲੋਂ ਮੁਕਾਬਲਤਨ ਬਿਹਤਰ ਸਥਿਤੀ ਵਿੱਚ ਇਸ ਕਰਕੇ ਹੈ ਕਿ ਇਸ ਨੇ ਬਹੁਤ ਸਾਰੀਆਂ ਵਸਤਾਂ ਦਾ ਉਤਪਾਦਨ ਆਪਣੇ ਹੱਥਾਂ ਵਿੱਚ ਰੱਖਿਆ ਅਤੇ ਚੀਨ ਨੂੰ ਹਰ ਨਿਰਮਾਣ ਖੇਤਰ ਵਿੱਚ ਖੁੱਲ੍ਹਦਿਲੀ ਨਾਲ ਦਾਖ਼ਲਾ ਨਹੀਂ ਦਿੱਤਾ। ਦੂਜੇ ਪਾਸੇ, ਜੇ ਚੀਨ ਅੱਜ ਪ੍ਰਮੁੱਖ ਆਰਥਿਕ ਮਹਾਂਸ਼ਕਤੀ ਹੈ ਤਾਂ ਇਸ ਪਿੱਛੇ ਮੁੱਖ ਹੱਥ ਅਮਰੀਕਾ ਜਾਂ ਯੂਰੋਪੀਅਨ ਤਾਕਤਾਂ ਦਾ ਹੀ ਹੈ। ਉਨ੍ਹਾਂ ਮੁਲਕਾਂ ਵਿੱਚ ਉਤਪਾਦਨ ਤੇ ਨਿਰਮਾਣ ਖੇਤਰ ਜਾਂ ਤਾਂ ਜੰਗੀ ਸਾਜ਼ੋ-ਸਾਮਾਨ ਤੇ ਗੋਲੀ-ਸਿੱਕਾ ਤਿਆਰ ਕਰਨ ਵਾਲੇ ਕਾਰਖ਼ਾਨਿਆਂ ਤੱਕ ਸੀਮਿਤ ਹੋ ਗਿਆ ਅਤੇ ਜਾਂ ਫਿਰ ਵੱਡੇ ਵੱਡੇ ਹਵਾਈ ਜਹਾਜ਼ਾਂ ਤੇ ਇਨ੍ਹਾਂ ਦੇ ਇੰਜਣਾਂ ਦੀ ਤਿਆਰੀ ਤੱਕ। ਬਾਕੀ ਹਰ ਕਿਸਮ ਦਾ ਸਾਜ਼ੋ-ਸਾਮਾਨ, ਖ਼ਾਸ ਕਰਕੇ ਘਰੇਲੂ ਖ਼ਪਤ ਦੇ ਉਤਪਾਦ, ਬੱਚਿਆਂ ਤੇ ਵੱਡਿਆਂ ਦੇ ਵਸਤਰ ਅਤੇ ਘਰੇਲੂ ਵਰਤੋਂ ਵਿੱਚ ਆਉਂਦੇ ਹਰ ਤਰ੍ਹਾਂ ਦੇ ਬਿਜਲਈ ਉਪਕਰਣ ਵੀ ਚੀਨ ਤੋਂ ਆਉਣ ਲੱਗੇ। ਹੁਣ ਹਾਲ ਇਹ ਹੈ ਕਿ ਪੱਛਮੀ ਜਗਤ, ਆਨੇ-ਬਹਾਨੇ ਚੀਨ ਉੱਪਰ ਆਰਥਿਕ ਬੰਦਸ਼ਾਂ ਤਾਂ ਲਾਉਂਦਾ ਹੈ ਪਰ ਇਹ ਬੰਦਸ਼ਾਂ ਲਗਾਤਾਰ ਬੇਅਸਰ ਸਾਬਤ ਹੋ ਰਹੀਆਂ ਹਨ। ਕਾਰੋਬਾਰੀ ਜਮਾਤ ਦੀ ਮਨੋਬਣਤਰ ਅਜਿਹੀ ਹੈ ਕਿ ਉਹ ਪਹਿਲਾਂ ਮਾਇਕ ਮੁਨਾਫ਼ੇ ਬਾਰੇ ਸੋਚਦੀ ਹੈ, ਫਿਰ ਆਪਣੇ ਵਤਨ ਦੇ ਭਲੇ ਲਈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਇਸ ਜਮਾਤ ਵਾਸਤੇ ਦੌਲਤ ਹੀ, ਦਰਅਸਲ, ਵਤਨਪ੍ਰਸਤੀ ਹੈ। ਇਸੇ ਕਰਕੇ ਅਮਰੀਕਾ ਵਿੱਚ ਮਾਲ ਤਾਂ ਚੀਨ ਤੋਂ ਹੀ ਆ ਰਿਹਾ ਹੈ। ਜੇਕਰ ਸਿੱਧਾ ਨਹੀਂ ਤਾਂ ਨਾ ਸਹੀ; ਇਹ ਹੁਣ ਵੀਅਤਨਾਮੀ, ਜਾਪਾਨੀ, ਕੋਰੀਅਨ ਤੇ ਥਾਈ ਕੰਪਨੀਆਂ ਦੇ ਲੇਬਲਾਂ ਨਾਲ ਆ ਰਿਹਾ ਹੈ। ਲਿਹਾਜ਼ਾ, ਚੀਨ ਨੂੰ 'ਥੱਲੇ ਥੱਲੇ' ਲਾਉਣ ਦੇ ਯਤਨ, ਅਸਲ ਵਿੱਚ, ਉਸ ਦੀ 'ਬੱਲੇ ਬੱਲੇ' ਦੀ ਵਜ੍ਹਾ ਬਣ ਰਹੇ ਹਨ।

ਇਸੇ ਕਥਾਨਕ ਨੂੰ ਵੱਧ ਵਿਸਥਾਰਤ ਰੂਪ ਵਿੱਚ ਪੇਸ਼ ਕਰਦੀ ਹੈ ਡਾ. ਕੈਰੀ ਬ੍ਰਾਊਨ ਦੀ ਨਵੀਂ ਕਿਤਾਬ 'ਚਾਈਨਾ ਇਨਕਾਰਪੋਰੇਟਿਡ' (ਬਲੂਮਜ਼ਬਰੀ; 210 ਪੰਨੇ; 999 ਰੁਪਏ)। ਇਹ ਚੀਨ ਨੂੰ ਸਾਡੇ ਜਹਾਨ ਦੀ ਅੱਵਲਤਰੀਨ ਆਰਥਿਕ ਸ਼ਕਤੀ ਦਾ ਦਰਜਾ ਨਾ ਦੇਣ ਦੀਆਂ ਪੱਛਮੀ ਜਗਤ ਦੀਆਂ ਸਾਜ਼ਿਸ਼ਾਂ ਤੇ ਢਕੌਂਸਲਿਆਂ ਨੂੰ ਬੇਪਰਦ ਕਰਦੀ ਹੈ ਅਤੇ ਬਾਦਲੀਲ ਢੰਗ ਨਾਲ ਦੱਸਦੀ ਹੈ ਕਿ ਇਨਸਾਨੀ ਪ੍ਰਗਤੀ, ਅਤਿ-ਆਧੁਨਿਕ ਸੁਖ-ਸਹੂਲਤਾਂ ਤੇ ਸੁਖਾਵੀਂ ਜ਼ਿੰਦਗੀ ਦੇ ਸਾਰੇ ਮਿਆਰਾਂ ਪੱਖੋਂ ਚੀਨ ਹੁਣ ਪੱਛਮ ਦੇ ਸਭ ਤੋਂ ਖੁਸ਼ਹਾਲ ਮੁਲਕਾਂ ਤੋਂ ਕਿਸੇ ਵੀ ਤਰ੍ਹਾਂ ਊਣਾ ਨਹੀਂ। ਡਾ. ਬ੍ਰਾਊਨ 30 ਵਰ੍ਹਿਆਂ ਤੋਂ ਚੀਨ ਬਾਰੇ ਲਿਖਦੇ ਆ ਰਹੇ ਹਨ। ਉਨ੍ਹਾਂ ਦੀਆਂ ਚੀਨ ਬਾਰੇ ਕਿਤਾਬਾਂ ਦੀ ਗਿਣਤੀ 22 ਤੋਂ ਵੱਧ ਹੈ। ਉਹ ਤਕਰੀਬਨ ਦਸ ਵਰ੍ਹੇ ਪੇਈਚਿੰਗ ਵਿੱਚ ਰਹੇ; ਪਹਿਲਾਂ ਬ੍ਰਿਟਿਸ਼ ਦੂਤਾਵਾਸ ਵਿੱਚ ਪ੍ਰਥਮ ਸਕੱਤਰ ਵਜੋਂ ਅਤੇ ਫਿਰ ਯੂਨੀਵਰਸਿਟੀ ਅਧਿਆਪਕ ਵਜੋਂ। ਹੁਣ ਵੀ ਉਹ ਚੀਨ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ, ਮੁੱਖ ਤੌਰ 'ਤੇ ਅਕਾਦਮੀਸ਼ਨ ਦੇ ਰੂਪ ਵਿੱਚ। ਪਿਛਲੇ ਚਾਰ ਵਰ੍ਹਿਆਂ ਤੋਂ ਉਹ ਕਿੰਗਜ਼ ਕਾਲੇਜ, ਲੰਡਨ ਵਿੱਚ ਚੀਨੀ ਅਧਿਐਨ ਵਿਸ਼ੇ ਦੇ ਪ੍ਰੋਫੈਸਰ ਹਨ। ਉਨ੍ਹਾਂ ਦੀਆਂ ਕਿਤਾਬਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਚੀਨ ਦਾ ਪੱਛਮੀ ਪੱਖਪਾਤਾਂ ਮੁਤਾਬਿਕ ਢਲਿਆ ਅਕਸ ਨਹੀਂ ਹੁੰਦੀਆਂ, ਅਸਲੀਅਤ ਬਿਆਨ ਕਰਦੀਆਂ ਹਨ। ਇਹ ਲੱਫ਼ਾਜ਼ੀ ਉੱਤੇ ਨਿਰਭਰ ਹੋਣ ਦੀ ਥਾਂ ਦਲੀਲ ਤੇ ਇਲਮੀਅਤ (ਗਿਆਨਵਾਦ) ਨੂੰ ਆਪਣੇ ਬਿਰਤਾਂਤ ਦਾ ਆਧਾਰ ਬਣਾਉਂਦੀਆਂ ਹਨ। ਡਾ. ਬ੍ਰਾਊਨ ਪਿਛਲੇ ਦੋ ਦਸ਼ਕਾਂ ਤੋਂ ਇਹੋ ਦੁਹਾਈ ਦਿੰਦੇ ਆ ਰਹੇ ਹਨ ਕਿ ਪੱਛਮੀ ਜਗਤ, ਚੀਨੀ ਤਵਾਰੀਖ਼ ਤੇ ਤਹਿਜ਼ੀਬ ਦੀ ਕਦਰ ਕਰਨੀ ਸਿੱਖੇ ਅਤੇ ਫਿਰ ਇਸ ਕਦਰ ਨੂੰ ਆਪਣੀਆਂ ਰਾਵਾਂ ਤੇ ਧਾਰਨਾਵਾਂ ਦੀ ਬੁਨਿਆਦ ਬਣਾਏ। 'ਚਾਈਨਾ ਇਨਕਾਰਪੋਰੇਟਿਡ' ਮੁੱਖ ਤੌਰ 'ਤੇ ਤਿੰਨ ਨੁਕਤਿਆਂ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ:

ਚੀਨ ਮਜ਼ਬੂਤ ਤੇ ਤਾਕਤਵਰ ਮੁਲਕ ਹੈ, ਇਹ ਕਿਸੇ ਵੀ ਤਰ੍ਹਾਂ ਕਮਜ਼ੋਰ ਨਹੀਂ।

ਇਹ ਵਪਾਰਕ ਮਹਾਂਸ਼ਕਤੀ ਤਾਂ ਹੈ ਹੀ, ਹੁਣ ਜਲ ਸੈਨਿਕ ਸ਼ਕਤੀ ਵੀ ਹੈ।

ਚੀਨੀ ਵਿਚਾਰਧਾਰਾ, ਸੋਚ, ਰਵਾਇਤਾਂ ਤੇ ਕਦਰਾਂ-ਕੀਮਤਾਂ ਅਮਰੀਕਾ ਜਾਂ ਪੱਛਮੀ ਜਗਤ ਤੋਂ ਬਿਲਕੁਲ ਭਿੰਨ ਹਨ।

ਇਸੇ ਕਾਰਨ ਚੀਨ ਨੂੰ ਪੱਛਮੀ ਵਿਚਾਰਧਾਰਕ ਸਾਂਚੇ ਵਿੱਚ ਢਾਲਣ ਦੀਆਂ ਕੋਸ਼ਿਸ਼ਾਂ ਨਾਕਾਮ ਸਾਬਤ ਹੁੰਦੀਆਂ ਆਈਆਂ ਹਨ ਅਤੇ ਹੁੰਦੀਆਂ ਰਹਿਣਗੀਆਂ। ਕਿਤਾਬ ਵਿੱਚ ਇਨ੍ਹਾਂ ਤਿੰਨਾਂ ਨੁਕਤਿਆਂ ਉੱਤੇ ਚਿੰਤਨ-ਮੰਥਨ ਪ੍ਰਮਾਣਾਂ ਸਹਿਤ ਕੀਤਾ ਗਿਆ ਹੈ, ਜਾਨਦਾਰ ਢੰਗ ਨਾਲ; ਪਾਠਕ ਨੂੰ ਸੰਮੋਹਿਤ ਕਰਨ ਵਾਲੀ ਭਾਸ਼ਾਵਲੀ ਤੇ ਸ਼ੈਲੀ ਰਾਹੀਂ।

ਕਿਤਾਬ ਅੰਦਰਲੇ ਕੁਝ ਹੋਰ ਅਹਿਮ ਨੁਕਤੇ ਹਨ:

ਚੀਨ ਜ਼ਾਹਰਾ ਤੌਰ 'ਤੇ ਅੱਵਲ ਨੰਬਰ ਆਰਥਿਕ ਸ਼ਕਤੀ ਜੇਕਰ ਅਜੇ ਤੱਕ ਨਹੀਂ ਵੀ ਬਣਿਆ ਤਾਂ ਅਗਲੇ ਇੱਕ-ਅੱਧ ਵਰ੍ਹੇ ਅੰਦਰ ਬਣ ਜਾਏਗਾ। ਉਸ ਦੀ ਆਰਥਿਕ ਪ੍ਰਗਤੀ ਕੋਵਿਡ-19 ਤੋਂ ਬਾਅਦ ਘਟੀ ਜ਼ਰੂਰ ਹੈ, ਪਰ ਇਸ ਦੀ ਪ੍ਰਗਤੀ ਦੀ ਰਫ਼ਤਾਰ ਅਜੇ ਵੀ ਅਮਰੀਕਾ ਸਮੇਤ ਸਾਰੇ ਪੱਛਮੀ ਮੁਲਕਾਂ ਨਾਲੋਂ ਵੱਧ ਹੈ। ਵਿਕਾਸ ਦਰ ਪੱਖੋਂ ਉਹ ਭਾਵੇਂ ਇਸ ਸਮੇਂ ਭਾਰਤ ਤੋਂ ਪਿੱਛੇ ਹੈ, ਫਿਰ ਵੀ ਭਾਰਤ ਨੂੰ ਉਸ ਦੇ ਹਾਣ ਦਾ ਬਣਦਿਆਂ ਅਜੇ ਢਾਈ ਦਸ਼ਕ ਹੋਰ ਲੱਗ ਜਾਣਗੇ, ਉਹ ਵੀ ਤਦ ਜੇਕਰ ਇਨ੍ਹਾਂ ਦਸ਼ਕਾਂ ਦੌਰਾਨ ਭਾਰਤ ਦੀ ਕੁੱਲ ਵਿਕਾਸ ਦਰ (ਜੀ.ਡੀ.ਪੀ.) 6.5% ਤੋਂ ਉੱਪਰ ਰਹੇ। ਅਜਿਹੀ ਲਗਾਤਾਰਤਾ ਬਰਕਰਾਰ ਰੱਖਣੀ ਮੌਜੂਦਾ ਕੌਮਾਂਤਰੀ ਹਾਲਾਤ ਦੇ ਮੱਦੇਨਜ਼ਰ ਸੰਭਵ ਨਹੀਂ ਜਾਪਦੀ। ਅਸਲੀਅਤ ਇਹ ਵੀ ਹੈ ਕਿ ਚੀਨੀ ਅਰਥਚਾਰਾ ਇਸ ਵੇਲੇ ਭਾਰਤੀ ਅਰਥਚਾਰੇ ਤੋਂ ਤਕਰੀਬਨ ਪੰਜ ਗੁਣਾ ਵੱਡਾ ਹੈ। ਭਾਰਤੀ ਅਰਥਚਾਰਾ 35 ਖਰਬ ਦਾ ਹੈ ਜਦੋਂਕਿ ਚੀਨੀ ਅਰਥਚਾਰਾ 150 ਖਰਬ ਦਾ। ਭਾਰਤ ਭੂਗੋਲਿਕ ਤੌਰ 'ਤੇ ਵੀ ਚੀਨ ਨਾਲੋਂ 2.9 ਗੁਣਾ ਛੋਟਾ ਹੈ; ਇਹ ਚੀਨ ਦੇ ਕੁੱਲ ਜ਼ਮੀਨੀ ਰਕਬੇ ਦਾ 34.25% ਹਿੱਸਾ ਬਣਦਾ ਹੈ। ਇਹ ਅੰਕੜੇ ਭਾਰਤੀ ਸੁਪਨਸਾਜ਼ਾਂ ਨੂੰ ਵੀ ਧਰਤ 'ਤੇ ਲਿਆਉਣ ਵਾਲੇ ਹਨ ਅਤੇ ਉਨ੍ਹਾਂ ਦੇ ਅਮਰੀਕੀ ਹਮਾਇਤੀਆਂ ਨੂੰ ਵੀ।

ਪੂੰਜੀਵਾਦ ਤੇ ਸਮਾਜਵਾਦ ਦਾ ਜਿਹੜਾ ਮੇਲ ਤੇ ਆਦਰਸ਼ ਚੀਨ ਨੇ ਵਿਕਸਿਤ ਕੀਤਾ ਹੈ, ਉਹ ਦੁਨੀਆ ਦੇ ਕਿਸੇ ਵੀ ਹੋਰ ਮੁਲਕ ਵਿੱਚ ਸੰਭਵ ਨਹੀਂ ਹੋਇਆ। ਪੱਛਮੀ ਜਗਤ, ਚੀਨੀ ਮਾਡਲ ਨੂੰ ਅਸਰਦਾਰ ਤੇ ਤਰਕਸੰਗਤ ਮੰਨਣ ਤੋਂ 30 ਵਰ੍ਹੇ ਪਹਿਲਾਂ ਵੀ ਇਨਕਾਰੀ ਸੀ, ਹੁਣ ਵੀ ਹੈ। ਉਸ ਨੂੰ ਹੁਣ ਅਸਲੀਅਤ ਪਛਾਣਨ ਵਾਲਾ ਚਸ਼ਮਾ ਪਹਿਨਣ ਦੀ ਲੋੜ ਹੈ।

ਇਸ ਵੇਲੇ ਸਾਡੇ ਜਹਾਨ ਵਿੱਚ ਸਨਅਤੀ ਉਤਪਾਦਨ ਦਾ ਧੁਰਾ ਹੈ ਚੀਨ; ਸੂਈ ਤੋਂ ਲੈ ਕੇ ਸਪੇਸ ਸਟੇਸ਼ਨ ਤੱਕ ਹਰ ਕਿਸਮ ਦੇ ਉਤਪਾਦ ਤਿਆਰ ਕਰਨ ਵਾਲਾ। ਦੁਨੀਆ ਦੇ ਕੁੱਲ ਸਨਅਤੀ ਉਤਪਾਦਨ ਦਾ 57 ਫ਼ੀਸਦ ਹਿੱਸਾ ਚੀਨ ਵਿੱਚ ਹੋ ਰਿਹਾ ਹੈ। 154 ਮੁਲਕ ਉਸ ਦੇ ਉਤਪਾਦਾਂ ਨੂੰ ਇਨਸਾਨੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਸ਼ੋਅਬੇ ਵਿੱਚ ਲਗਾਤਾਰ ਵਰਤ ਰਹੇ ਹਨ। ਇਹ ਵਰਤਾਰਾ ਵਾਪਰਿਆ ਵੀ ਪੱਛਮੀ ਕਾਰਪੋਰੇਟ ਜਗਤ ਦੀ ਰਜ਼ਾਮੰਦੀ ਨਾਲ। ਹੁਣ ਇਸ ਨੂੰ ਪੁੱਠਾ ਗੇੜਾ ਦੇਣਾ ਆਸਾਨ ਕਾਰਜ ਨਹੀਂ।

ਚੀਨ ਉਪਰ ਗ਼ਰੀਬ ਮੁਲਕਾਂ ਨੂੰ ਪਹਿਲਾਂ ਆਰਥਿਕ ਤੇ ਫਿਰ ਸਿਆਸੀ ਗ਼ੁਲਾਮ ਬਣਾਏ ਜਾਣ ਦੇ ਦੋਸ਼ ਪੱਛਮੀ ਜਗਤ ਲਗਾਉਂਦਾ ਆਇਆ ਹੈ। ਇਹ ਉਹ ਜਗਤ ਹੈ ਜੋ ਖ਼ੁਦ ਬਸਤੀਵਾਦ ਦੀ ਖ਼ੁਰਾਕ 'ਤੇ ਫਲਿਆ-ਫੁਲਿਆ ਅਤੇ ਆਰਥਿਕ ਤੌਰ 'ਤੇ ਹੁਣ ਵਾਲੇ ਮੁਕਾਮ 'ਤੇ ਪਹੁੰਚਿਆ। ਕੀ ਇਸ ਨੂੰ ਚੀਨ ਉੱਤੇ ਬਸਤੀਵਾਦੀ ਪ੍ਰਵਿਰਤੀਆਂ ਦਾ ਦੋਸ਼ ਲਾਉਣ ਦਾ ਕੋਈ ਇਖ਼ਲਾਕੀ ਹੱਕ ਹੈ?

ਪੱਛਮ ਨੇ ਚੀਨੀ ਤਹਿਜ਼ੀਬ ਜਾਂ ਮਾਣ-ਮਰਿਆਦਾ ਨੂੰ ਸਮਝਣ ਦੀ ਕਦੇ ਵੀ ਸੰਜੀਦਾ ਕੋਸ਼ਿਸ਼ ਨਹੀਂ ਕੀਤੀ। ਚੀਨੀ ਸਭਿਅਤਾ ਤੇ ਚੀਨੀ ਸਦਾਚਾਰ, ਉਮਰ ਪੱਖੋਂ, ਯੂਰੋਪੀਅਨ ਸਭਿਅਤਾ ਜਾਂ ਸਦਾਚਾਰਕ ਪੈਮਾਨਿਆਂ ਤੋਂ ਢਾਈ ਦਹਿਸਦੀਆਂ ਵੱਡਾ ਹੈ। ਪਹਿਲ ਤਾਂ ਇਸ ਨੂੰ ਮਿਲਣੀ ਚਾਹੀਦੀ ਸੀ ਪਰ ਮਿਲੀ ਨਾਕਦਰੀ। ਹੁਣ ਵੀ ਚੀਨ ਤੋਂ ਤਵੱਕੋ ਇਹ ਕੀਤੀ ਜਾਂਦੀ ਹੈ ਕਿ ਉਹ ਪੱਛਮੀ ਪੈਮਾਨਿਆਂ ਮੁਤਾਬਿਕ ਢਲੇ। ਚੀਨ ਅਜਿਹੀ ਧੌਂਸ ਅੱਗੇ ਝੁਕਣ ਲਈ ਤਿਆਰ ਨਹੀਂ।

ਇਹ ਸਹੀ ਹੈ ਕਿ ਚੀਨ ਦੇ ਤਕਨੀਕੀ ਵਿਕਾਸ ਨੂੰ ਹੁਲਾਰਾ, 1980ਵਿਆਂ ਵਿੱਚ ਉਸ ਮੁਲਕ 'ਚ ਆਈਆਂ ਅਮਰੀਕੀ ਕੰਪਨੀਆਂ ਨੇ ਪ੍ਰਦਾਨ ਕੀਤਾ। ਇਹ ਵੀ ਸੱਚ ਹੈ ਕਿ 1990ਵਿਆਂ ਵਾਲੇ ਦਸ਼ਕ ਦੌਰਾਨ ਚੀਨੀਆਂ ਨੇ ਅਮਰੀਕੀ, ਜਪਾਨੀ ਤੇ ਯੂਰੋਪੀਅਨ ਟੈਕਨਾਲੋਜੀ ਚੁਰਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਪਰ 21ਵੀਂ ਸਦੀ ਦੇ ਮੁੱਢ ਤੋਂ ਉਹ ਮੁਲਕ ਨਵੀਂ-ਨਕੋਰ ਤੇ ਵੱਧ ਕਾਰਗਰ ਟੈਕਨਾਲੋਜੀ ਖੋਜਣ ਤੇ ਵਿਕਸਿਤ ਕਰਨ ਦੇ ਰਾਹ 'ਤੇ ਬਾਕਾਇਦਗੀ ਨਾਲ ਚੱਲ ਰਿਹਾ ਹੈ। ਇਸ ਰਾਹ ਉੱਤੇ ਉਸ ਦੀ ਪੇਸ਼ਕਦਮੀ ਵੀ ਕਾਬਿਲੇ-ਤਾਰੀਫ਼ ਰਹੀ ਹੈ। ਇਸ ਨੂੰ ਪੱਛਮ, ਮਾਨਤਾ ਕਿਉਂ ਨਹੀਂ ਦੇ ਰਿਹਾ? ਸੱਚ ਤਾਂ ਇਹ ਵੀ ਹੈ ਕਿ 1980ਵਿਆਂ ਤੋਂ ਪਹਿਲਾਂ ਵੀ ਚੀਨੀ ਉਤਪਾਦ, ਸੂਰਤ ਤੇ ਸੀਰਤ ਪੱਖੋਂ ਮਿਆਰੀ ਤੇ ਹੰਢਣਸਾਰ ਹੁੰਦੇ ਸਨ ਅਤੇ ਨਾਲ ਹੀ ਸਸਤੇ ਵੀ ਹੁੰਦੇ ਸਨ। ਚੀਨੀ ਖਿਡੌਣੇ ਚੋਰ-ਬਾਜ਼ਾਰਾਂ ਰਾਹੀਂ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਪੁੱਜਦੇ ਸਨ ਅਤੇ ਵਿਕਦੇ ਵੀ ਖ਼ੂਬ ਸਨ। ਜ਼ਾਹਿਰ ਹੈ ਇਹ ਮੁਲਕ ਉਦੋਂ ਵੀ ਟੈਕਨਾਲੋਜੀ ਦੀ ਬਿਹਤਰੀ ਤੇ ਅਹਿਮੀਅਤ ਪ੍ਰਤੀ ਸਚੇਤ ਸੀ।

ਇਹ ਸਹੀ ਹੈ ਕਿ ਚੀਨੀ ਕਮਿਊਨਿਟ ਪਾਰਟੀ ਦਾ ਕੋਈ ਧਰਮ ਨਹੀਂ, ਪਰ ਚੀਨੀ ਨਾਗਰਿਕਾਂ ਉੱਪਰ ਕੋਈ ਧਾਰਮਿਕ ਬੰਦਸ਼ ਨਹੀਂ। ਕਨਫਿਊਸ਼ੀਅਸਵਾਦ ਆਮ ਵਸੋਂ ਵਿੱਚ ਵੱਧ ਮਕਬੂਲ ਹੈ। ਇਸ ਤੋਂ ਬਾਅਦ ਬੁੱਧ-ਮੱਤ ਆਉਂਦਾ ਹੈ। ਮੁਲਕ ਦੀ 18.2 ਫ਼ੀਸਦ ਵਸੋਂ ਬੋਧੀ ਹੈ ਅਤੇ 5.1 ਫ਼ੀਸਦ ਇਸਾਈ। 1.8% ਵਸੋਂ ਮੁਸਲਿਮ ਹੈ। ਇੱਕ ਫ਼ੀਸਦੀ ਦੇ ਕਰੀਬ ਵਸੋਂ ਹਿੰਦੂ, ਯਜ਼ੀਦੀ, ਬਹਾਈ ਤੇ ਹੋਰ ਮਜ਼ਹਬਾਂ ਨੂੰ ਮੰਨਣ ਵਾਲੀ ਹੈ।

ਕੁੱਲ ਮਿਲਾ ਕੇ ਇਹ ਕਿਤਾਬ ਚੀਨ ਬਾਰੇ ਕਈ ਸਾਰੇ ਭਰਮ-ਭੁਲੇਖੇ ਦੂਰ ਕਰਦੀ ਹੈ। ਉਂਜ, ਅਜਿਹਾ ਕਰਦਿਆਂ ਇਹ ਚੀਨੀ ਕੁਕਰਮਾਂ, ਖ਼ਾਸ ਤੌਰ 'ਤੇ ਊਈਗਰਾਂ ਉਪਰ ਜਬਰ ਉੱਤੇ ਕੋਈ ਪਰਦਾ ਨਹੀਂ ਪਾਉਂਦੀ। ਇਹ ਸੰਤੁਲਨ ਵੀ ਇਸ ਨੂੰ ਜਾਨਦਾਰ ਬਣਾਉਂਦਾ ਹੈ। ਡਾ. ਬ੍ਰਾਊਨ ਦਾ ਮੱਤ ਹੈ ਕਿ ਪੱਛਮੀ ਜਗਤ, ਚੀਨ ਨੂੰ ਆਪਣੀ ਮੰਡੀ ਬਣਾਉਣਾ ਚਾਹੁੰਦਾ ਸੀ, ਪਰ ਹੋਇਆ ਉਲਟ: ਚੀਨ ਨੇ ਪੱਛਮੀ ਜਗਤ ਸਮੇਤ ਬਾਕੀ ਸਾਰੇ ਜਹਾਨ ਨੂੰ ਆਪਣੀ ਮੰਡੀ ਬਣਾ ਲਿਆ। ਇਹ ਉਲਟ-ਫੇਰ ਪੱਛਮ ਨੂੰ ਹੁਣ ਵੀ ਬਰਦਾਸ਼ਤ ਨਹੀਂ ਹੋ ਰਿਹਾ ਅਤੇ ਇਹ ਨਾਬਰਦਾਸ਼ਤਗੀ, ਦੁਨੀਆ ਵਿੱਚ ਬੇਲੋੜਾ ਤਨਾਜ਼ਾ ਪੈਦਾ ਕਰ ਰਹੀ ਹੈ।

# ਪੰਜਾਬ ਦੇ ਕੋਚਿੰਗ ਸੈਂਟਰਾਂ ਦਾ ਸੱਚ

ਲੇਖਕ : ਡਾ. ਵਰਿੰਦਰ ਭਾਟੀਆ
ਸੰਪਰਕ: 95306-59393

ਦਿੱਲੀ ਦੇ ਇੱਕ ਆਈਏਐੱਸ ਕੋਚਿੰਗ ਸੈਂਟਰ ਵਿੱਚ ਪਾਣੀ ਭਰਨ ਕਾਰਨ ਤਿੰਨ ਵਿਦਿਆਰਥੀਆਂ ਦੀ ਦਰਦਨਾਕ ਮੌਤ ਨੇ ਕੋਚਿੰਗ ਸੈਂਟਰਾਂ ਦੀ ਕਾਰਜਸ਼ੈਲੀ ਉੱਤੇ ਇੱਕ ਵਾਰ ਫਿਰ ਵੱਡਾ ਸਵਾਲ ਖੜ੍ਹਾ ਕਰ ਦਿੱਤਾ। ਦੇਸ਼ ਭਰ ਤੋਂ ਵਿਦਿਆਰਥੀ ਆਪਣਾ ਭਵਿੱਖ ਬਣਾਉਣ ਦੀ ਲਾਲਸਾ ਨਾਲ ਕੋਚਿੰਗ ਸੈਂਟਰਾਂ 'ਚ ਆਉਂਦੇ ਹਨ, ਮੋਟੀਆਂ ਫੀਸਾਂ ਭਰਦੇ ਹਨ ਪਰ ਸਹੂਲਤਾਂ ਦੇ ਨਾਂ 'ਤੇ ਉਨ੍ਹਾਂ ਨੂੰ ਸਿਰਫ ਹਾਦਸਿਆਂ ਅਤੇ ਮੌਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦਿੱਲੀ ਨੂੰ ਸਿਵਿਲ ਸੇਵਾਵਾਂ ਦੀ ਤਿਆਰੀ ਦਾ ਕੇਂਦਰ ਮੰਨਿਆ ਜਾਂਦਾ ਹੈ। ਜ਼ਿਆਦਾਤਰ ਕੋਚਿੰਗ ਸੈਂਟਰ ਕਿਰਾਏ ਦੇ ਮਕਾਨਾਂ ਵਿੱਚ ਚੱਲ ਰਹੇ ਹਨ ਜਿਨ੍ਹਾਂ ਵਿੱਚ ਕੋਈ ਵੀ ਲੋੜੀਂਦੀ ਸਹੂਲਤ ਨਹੀਂ ਹੈ। ਰਾਜਧਾਨੀ ਦੇ ਪੁਰਾਣੇ ਰਾਜੇਂਦਰ ਨਗਰ 'ਚ ਜਿਸ ਕੋਚਿੰਗ ਸੈਂਟਰ ਵਿੱਚ ਹਾਦਸਾ ਹੋਇਆ ਹੈ, ਉਹ ਵੀ ਕਿਰਾਏ 'ਤੇ ਸੀ। ਬੇਸਮੈਂਟ ਹਮੇਸ਼ਾ ਬਰਸਾਤੀ ਪਾਣੀ ਨਾਲ ਭਰੀ ਰਹਿੰਦੀ ਸੀ ਜਿਸ ਨੂੰ ਕੇਂਦਰ ਦੇ ਲੋਕਾਂ ਨੇ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ। ਆਂਢ-ਗੁਆਂਢ ਵਾਲੇ ਅਤੇ ਚਸ਼ਮਦੀਦ ਦੱਸਦੇ ਹਨ ਕਿ ਕੇਂਦਰ ਵਿੱਚ ਪਾਣੀ ਜਮ੍ਹਾਂ ਹੋਣ ਦੀ ਸਮੱਸਿਆ ਪੁਰਾਣੀ ਹੈ। ਪਾਣੀ ਦੀ ਨਿਕਾਸੀ ਦਾ ਸਹੀ ਪ੍ਰਬੰਧ ਨਹੀਂ ਅਤੇ ਸਫ਼ਾਈ ਵੀ ਬਾਕਾਇਦਾ ਨਹੀਂ ਕੀਤੀ ਜਾਂਦੀ। ਵਿਦਿਆਰਥੀਆਂ ਦੇ ਰਹਿਣ-ਸਹਿਣ ਦਾ ਪ੍ਰਬੰਧ ਵੀ ਠੀਕ ਨਹੀਂ ਸੀ। ਕਈ ਥਾਵਾਂ 'ਤੇ ਬਿਜਲੀ ਦੀਆਂ ਤਾਰਾਂ ਡਿੱਗੀਆਂ ਹੋਈਆਂ ਹਨ ਜਿਸ ਕਾਰਨ ਕਿਸੇ ਨੂੰ ਵੀ ਕਰੰਟ ਲੱਗ ਸਕਦਾ ਸੀ।

ਦਿੱਲੀ ਵਿੱਚ ਹੀ ਨਹੀਂ, ਦੇਸ਼ ਭਰ ਦੇ ਛੋਟੇ-ਛੋਟੇ ਕਸਬਿਆਂ ਵਿੱਚ ਅਣਗਿਣਤ ਕੋਚਿੰਗ ਸੈਂਟਰ ਪਰ ਕੋਚਿੰਗ ਲੈਣ ਵਾਲਿਆਂ ਨੂੰ ਉਹ ਸਹੂਲਤਾਂ ਨਹੀਂ ਮਿਲਦੀਆਂ ਜਿਹੜੀਆਂ ਬੱਚਿਆਂ ਨੂੰ ਸਿੱਖਿਆ ਅਤੇ ਸੁਰੱਖਿਆ ਤੋਂ ਇਲਾਵਾ ਦੇਣੀਆਂ ਚਾਹੀਦੀਆਂ ਹਨ। ਕੁਝ ਕੋਚਿੰਗ ਸੈਂਟਰਾਂ ਦੇ ਮਾਲਕ ਸਿੱਖਿਆ ਦੇ ਨਾਂ 'ਤੇ ਕਾਰੋਬਾਰ ਕਰਦੇ ਹਨ। ਇਨ੍ਹਾਂ ਦੇ ਤਾਕਤਵਰ ਲੋਕਾਂ ਨਾਲ ਸਬੰਧ ਹਨ। ਕੋਚਿੰਗ ਸੈਂਟਰਾਂ ਵਿੱਚ ਹਾਦਸਿਆਂ ਦੀ ਸੱਚਾਈ ਇਹ ਹੈ ਕਿ ਜ਼ਿਆਦਾਤਰ ਸੈਂਟਰ ਬੇਸਮੈਂਟਾਂ ਵਿੱਚ ਹਨ ਅਤੇ ਲਾਇਬ੍ਰੇਰੀਆਂ ਵੀ ਇਨ੍ਹਾਂ ਵਿੱਚ ਹਨ। ਇਹ ਸਿਆਸੀ ਨੇਤਾਵਾਂ, ਐੱਮਸੀਡੀ ਅਧਿਕਾਰੀਆਂ ਅਤੇ ਜ਼ਮੀਨ ਮਾਲਕਾਂ ਦੇ ਗਠਜੋੜ ਕਾਰਨ ਸੰਭਵ ਹੋਇਆ ਹੈ।

ਦਿੱਲੀ ਦੇ ਲਗਭਗ 90 ਫੀਸਦੀ ਕੋਚਿੰਗ ਸੈਂਟਰਾਂ ਦੀਆਂ ਲਾਇਬ੍ਰੇਰੀਆਂ ਬੇਸਮੈਂਟ ਵਿੱਚ ਹਨ। ਇਸ ਤੋਂ ਇਲਾਵਾ ਇਨ੍ਹਾਂ ਕੋਚਿੰਗ ਸੈਂਟਰਾਂ ਵਿੱਚ ਪੜ੍ਹਦੇ ਵਿਦਿਆਰਥੀ ਛੋਟੇ-ਛੋਟੇ ਕਮਰਿਆਂ ਵਿੱਚ ਰਹਿੰਦੇ ਹਨ ਜਿਨ੍ਹਾਂ ਵਿੱਚ ਨਾ ਤਾਂ ਖਿੜਕੀਆਂ ਹਨ ਅਤੇ ਨਾ ਹੀ ਕਿਸੇ ਵੀ ਘਟਨਾ ਦੀ ਹਾਲਤ ਵਿੱਚ ਬਚਣ ਲਈ ਕੋਈ ਐਮਰਜੈਂਸੀ ਸਹੂਲਤ ਹੈ। ਦਿੱਲੀ ਦੇ ਕੋਚਿੰਗ ਸੈਂਟਰਾਂ ਕੋਲ ਢੁਕਵਾਂ ਬੁਨਿਆਦੀ ਢਾਂਚਾ ਹੀ ਨਹੀਂ ਹੈ, ਸੜਕਾਂ 'ਤੇ ਕਬਜ਼ੇ ਹੋ ਗਏ ਹਨ। ਕੰਧਾਂ ਹੋਰਡਿੰਗਾਂ ਨਾਲ ਢੱਕੀਆਂ ਪਈਆਂ ਹਨ। ਕੀ ਇਹ ਸਭ ਅਧਿਕਾਰੀਆਂ ਨੂੰ ਨਜ਼ਰ ਨਹੀਂ ਆ ਰਿਹਾ ? ਕੁੱਲ ਮਿਲਾ ਕੇ ਅਜਿਹੇ ਹਾਦਸੇ ਸਿਆਸੀ ਪਹੁੰਚ, ਐੱਮਸੀਡੀ ਅਤੇ ਕੋਚਿੰਗ ਸੰਸਥਾਵਾਂ ਦੇ ਮਾਲਕਾਂ ਵਿਚਾਲੇ ਗਠਜੋੜ ਦਾ ਨਤੀਜਾ ਹਨ। ਘਟਨਾ ਤੋਂ ਬਾਅਦ ਕਈ ਕੋਚਿੰਗ ਸੈਂਟਰਾਂ ਨੂੰ ਸੀਲ ਕਰ ਦਿੱਤਾ ਗਿਆ ਅਤੇ ਜਾਂਚ ਦੇ ਨਾਂ 'ਤੇ ਸ਼ਿਕੰਜਾ ਕੱਸ ਦਿੱਤਾ ਗਿਆ ਪਰ ਇਹ ਉਦੋਂ ਤੱਕ ਹੈ ਜਦੋਂ ਤੱਕ ਘਟਨਾ ਦਾ ਰੌਲਾ ਰਹੇਗਾ। ਜਿਵੇਂ ਹੀ ਇਹ ਰੌਲਾ ਸ਼ਾਂਤ ਹੋਵੇਗਾ, ਕੋਚਿੰਗ ਵਾਲੇ ਫਿਰ ਤੋਂ ਸਰਗਰਮ ਹੋ ਜਾਣਗੇ।

ਕੋਚਿੰਗ ਸੰਸਥਾਵਾਂ ਦਾ ਵਧ ਰਿਹਾ ਜਾਲ ਸਿੱਖਿਆ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਹ ਕੋਚਿੰਗ ਸੰਸਥਾਵਾਂ ਬੱਚਿਆਂ ਨੂੰ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਵਿੱਚ ਕਾਮਯਾਬ ਤਾਂ ਹੋ ਰਹੀਆਂ ਹਨ ਪਰ ਇਸ ਦਾ ਦੂਰਗਾਮੀ ਪ੍ਰਭਾਵ ਇਹ ਹੈ ਕਿ ਬੱਚਿਆਂ ਨੂੰ ਇਸ ਵਿਸ਼ੇ ਦਾ ਪੂਰਾ ਗਿਆਨ ਨਹੀਂ ਮਿਲ ਰਿਹਾ ਜਿਸ ਕਾਰਨ ਬੱਚਿਆਂ ਨੂੰ ਸਹੀ ਗਿਆਨ ਹਾਸਲ ਨਹੀਂ ਹੁੰਦਾ। ਕੋਚਿੰਗ ਦੇ ਰੂਪ ਵਿੱਚ ਸਮਾਨਾਂਤਰ ਸਿੱਖਿਆ ਪ੍ਰਣਾਲੀ ਦੇਸ਼ ਵਿੱਚ ਉੱਚ ਸੈਕੰਡਰੀ ਸਿੱਖਿਆ ਪੱਧਰ ਤੱਕ ਤਕੜੀ ਹੋ ਗਈ ਹੈ। ਸਮਾਜ ਦੇ ਜ਼ਿਆਦਾਤਰ ਲੋਕਾਂ ਨੇ ਇਹ ਕਿਉਂ ਸਵੀਕਾਰ ਕਰ ਲਿਆ ਹੈ ਕਿ ਕਿਸੇ ਵੀ ਬੱਚੇ ਨੂੰ ਮਿਆਰੀ ਸਿੱਖਿਆ ਦੇਣ ਲਈ ਕੋਚਿੰਗ ਸੈਂਟਰਾਂ ਰਾਹੀਂ ਪੜ੍ਹਾਉਣਾ ਜ਼ਰੂਰੀ ਹੈ।

ਵਿਦਿਆਰਥੀਆਂ ਦੀਆਂ ਸਾਰੀਆਂ ਵਿਦਿਅਕ ਲੋੜਾਂ ਉਨ੍ਹਾਂ ਸੰਸਥਾਵਾਂ ਰਾਹੀਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਜਿੱਥੇ ਉਹ ਪੜ੍ਹਦੇ ਹਨ। ਅਜਿਹੀ ਹਾਲਤ ਵਿੱਚ ਕੋਚਿੰਗ ਰਾਹੀਂ ਵਿਦਿਅਕ ਲੋੜਾਂ ਪੂਰੀਆਂ ਕਰਨ ਦੇ ਅਮਲ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ। ਵਰਤਮਾਨ ਵਿੱਚ ਕੋਚਿੰਗ ਦੇ ਰੂਪ ਵਿੱਚ ਬਦਲਾਓ ਆਇਆ ਹੈ ਅਤੇ ਇਸ ਦੇ ਪੁਰਾਣੇ ਅਸੰਗਠਿਤ ਰੂਪ ਨਾਲ ਹੁਣ ਸੰਗਠਿਤ ਖੇਤਰ ਵਿੱਚ ਵੱਡੇ ਕੋਚਿੰਗ ਸੈਂਟਰਾਂ ਅਤੇ ਆਨਲਾਈਨ ਕੋਚਿੰਗ ਦਾ ਰੁਝਾਨ ਹੈ। ਇਉਂ ਕੋਚਿੰਗ ਪ੍ਰਬੰਧ ਹੁਣ ਵਿਦਿਅਕ ਸੰਸਥਾਵਾਂ ਦੇ ਸਮਾਨਾਂਤਰ ਰਸਮੀ ਸਿੱਖਿਆ ਦੇ ਲਗਭਗ ਹਰ ਪੱਧਰ ਲਈ ਉਪਲਬਧ ਹਨ। ਅਜਿਹੀਆਂ ਸਮਾਨਾਂਤਰ ਸਿੱਖਿਆ ਪ੍ਰਣਾਲੀਆਂ ਨੇ ਬੇਸ਼ੱਕ ਹਰ ਪੱਧਰ 'ਤੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਆ ਰਹੀਆਂ ਮੁਸ਼ਕਿਲਾਂ ਦੂਰ ਕਰ ਕੇ ਚੰਗੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਦਿੱਤੇ ਹਨ ਪਰ ਤਕੜੀ ਹੋ ਰਹੀ ਇਸ ਨਵੀਂ ਪ੍ਰਣਾਲੀ ਦੇ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕਰਨ ਦੀ ਲੋੜ ਹੈ।

ਦੇਸ਼ ਦੀ ਸਿੱਖਿਆ ਪ੍ਰਣਾਲੀ ਵਿੱਚ ਕਿਹੜੀ ਕਮੀ ਹੈ ਕਿ ਵਿਦਿਆਰਥੀਆਂ ਨੂੰ ਵਾਧੂ ਕੋਚਿੰਗ ਲੈਣੀ ਪੈਂਦੀ ਹੈ ? ਸਕੂਲ ਅਤੇ ਕਾਲਜ ਦਾ ਪਾਠਕ੍ਰਮ ਅਜਿਹਾ ਕਿਉਂ ਨਹੀਂ ਬਣਾਇਆ ਗਿਆ ਕਿ ਕੋਈ ਵੀ ਵਿਦਿਆਰਥੀ ਜੋ ਸਿਵਿਲ ਸੇਵਾਵਾਂ ਜਾਂ ਕਿਸੇ ਹੋਰ ਵਿਸ਼ੇਸ਼ ਸੇਵਾ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਉਹ ਸਿੱਖਿਆ ਆਪਣੇ ਹੀ ਕਾਲਜ ਵਿੱਚ ਪ੍ਰਾਪਤ ਕਰੇ ? ਜੇ ਵਾਧੂ ਕੋਚਿੰਗ ਜ਼ਰੂਰੀ ਹੈ ਤਾਂ ਵੀ ਮੌਜੂਦਾ ਸਕੂਲਾਂ ਅਤੇ ਕਾਲਜਾਂ ਵਿੱਚ ਸਾਰੇ ਕੋਚਿੰਗ ਸੈਂਟਰ ਕਿਉਂ ਨਹੀਂ ਚਲਾਏ ਜਾ ਰਹੇ ? ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਕੋਚਿੰਗ ਸੈਂਟਰ ਚਲਾਉਣ ਵਾਲਿਆਂ ਨੂੰ ਵੀ ਸੰਗਠਿਤ ਜਗ੍ਹਾ ਮਿਲੇਗੀ ਅਤੇ ਵਿਦਿਆਰਥੀਆਂ ਨੂੰ ਖੁੱਲ੍ਹੇ ਮਾਹੌਲ ਵਿੱਚ ਪੜ੍ਹਾਈ ਕਰਨ ਦਾ ਮੌਕਾ ਵੀ ਮਿਲੇਗਾ।

ਜੇ ਅਜਿਹੇ ਹਾਦਸੇ ਰੋਕਣੇ ਹਨ ਤਾਂ ਦੇਸ਼ ਵਿੱਚ ਅਜਿਹੇ ਨਿਯਮ ਬਣਾਉਣ ਦੀ ਲੋੜ ਹੈ ਜਿੱਥੇ ਕੋਚਿੰਗ ਸੈਂਟਰ ਨਿਯਮਾਂ ਅਨੁਸਾਰ ਹੀ ਚਲਾਏ ਜਾ ਸਕਦੇ ਹਨ, ਆਪਣੀ ਮਰਜ਼ੀ ਅਨੁਸਾਰ ਨਹੀਂ। ਜਿਸ ਤਰ੍ਹਾਂ ਜਦੋਂ ਕੋਈ ਵੱਡਾ ਹਸਪਤਾਲ, ਹੋਟਲ ਜਾਂ ਮਾਲ ਖੁੱਲ੍ਹਦਾ ਹੈ ਤਾਂ ਸਾਰੇ ਵਿਭਾਗਾਂ ਤੋਂ ਇਜਾਜ਼ਤ ਲੈਣੀ ਲਾਜ਼ਮੀ ਹੁੰਦੀ ਹੈ, ਇਸੇ ਤਰ੍ਹਾਂ ਜੇ ਸਰਕਾਰ ਚਾਹੇ ਤਾਂ ਕੋਚਿੰਗ ਸੈਂਟਰਾਂ ਦੀ ਪ੍ਰਣਾਲੀ ਨੂੰ ਕੰਟਰੋਲ ਕਰ ਸਕਦੀ ਹੈ। ਅਜਿਹੇ ਹਾਲਾਤ ਵਿੱਚ ਜੇਕਰ ਕੋਚਿੰਗ ਸੈਂਟਰ ਅਤੇ ਸਬੰਧਿਤ ਏਜੰਸੀਆਂ ਆਪਣੀ ਡਿਊਟੀ ਪਾਰਦਰਸ਼ੀ ਢੰਗ ਨਾਲ ਨਿਭਾਉਣ ਤਾਂ ਅਜਿਹੇ ਹਾਦਸਿਆਂ ਨੂੰ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਹੈ।

ਜੋ ਵੀ ਤੁਸੀਂ ਦੇਖਦੇ ਹੋ, ਉਹ ਕੋਚਿੰਗ ਸੈਂਟਰ ਦੇ ਸੰਚਾਲਕਾਂ ਵੱਲ ਉਂਗਲ ਉਠਾ ਰਿਹਾ ਹੈ। ਅਜਿਹੇ ਹਾਦਸਿਆਂ ਵਿੱਚ ਸਿਰਫ਼ ਉਨ੍ਹਾਂ ਦਾ ਹੀ ਕਸੂਰ ਨਹੀਂ। ਸਭ ਜਾਣਦੇ ਹਨ ਕਿ ਹਰ ਕੋਚਿੰਗ ਸੈਂਟਰ ਨਾਲ ਸੰਗਠਿਤ ਖੇਤਰ ਜੁੜਿਆ ਹੋਇਆ ਹੈ; ਚਾਹੇ ਉਹ ਹੋਸਟਲ ਦਾ ਪ੍ਰਬੰਧ ਹੋਵੇ, ਖਾਣ-ਪੀਣ ਦਾ ਪ੍ਰਬੰਧ ਹੋਵੇ, ਕਿਤਾਬਾਂ ਦੀ ਦੁਕਾਨ ਹੋਵੇ ਜਾਂ ਉਥੇ ਪੜ੍ਹਦੇ ਵਿਦਿਆਰਥੀਆਂ ਲਈ ਹੋਰ ਸਬੰਧਿਤ ਪ੍ਰਬੰਧ ਹੋਵੇ ਪਰ ਜਦੋਂ ਵੀ ਕੋਈ ਹਾਦਸਾ ਵਾਪਰਦਾ ਹੈ ਤਾਂ ਸਿਰਫ਼ ਕੋਚਿੰਗ ਸੈਂਟਰ ਨੂੰ ਹੀ ਕਟਹਿਰੇ ਵਿੱਚ ਕਿਉਂ ਲਿਆਂਦਾ ਜਾਂਦਾ ਹੈ ? ਕੀ ਕੋਚਿੰਗ ਸੈਂਟਰ ਚਲਾਉਣ ਦੀ ਇਜਾਜ਼ਤ ਦੇਣ ਵਾਲੀਆਂ ਏਜੰਸੀਆਂ ਇਸ ਲਈ ਜ਼ਿੰਮੇਵਾਰ ਨਹੀਂ ? ਇਹ ਸਾਡੇ ਆਲੇ-ਦੁਆਲੇ ਚੱਲ ਰਹੇ ਕੋਚਿੰਗ ਸੈਂਟਰਾਂ ਦਾ ਸੱਚ ਹੈ।

# ਇਜਰਾਈਲ -ਇਰਾਨ ਅਤੇ ਰੂਸ -ਯੂਕਰੇਨ ਦੇ ਤਣਾਅ ਕਾਰਣ ਵਿਸ਼ਵ ਜੰਗ ਦੇ ਬੱਦਲ ਮੰਡਰਾਉਣ ਲਗੇ

ਇਜ਼ਰਾਈਲ -ਇਰਾਨ ਅਤੇ ਰੂਸ -ਯੂਕਰੇਨ ਦੇ ਤਣਾਅ ਕਾਰਣ ਵਿਸ਼ਵ ਜੰਗ ਦੇ ਬੱਦਲ ਮੰਡਰਾਉਣ ਲਗੇ ਹਨ। ਅਸਲ ਵਿਚ ਇਹ ਭੇੜ ਅਮਰੀਕਾ ਬਨਾਮ ਰੂਸ-ਚੀਨ ਵਿਚਾਲੇ ਸੰਸਾਰ ਦੀ ਸੁਪਰ ਤਾਕਤ ਬਣਨ ਦਾ ਭੇੜ ਹੈ।ਇਹ ਕਦਮ ਵਿਸ਼ਵ ਜੰਗ ਵਲ ਵਧ ਰਹੇ ਹਨ। ਇਜ਼ਰਾਈਲ ਅਤੇ ਇਰਾਨ ਵਿਚਕਾਰ ਜੰਗ ਦੀ ਆਹਟ ਦੇ ਵਿਚਾਲੇ ਅਮਰੀਕਾ ਨੇ ਵੀ ਤਿਆਰੀ ਖਿੱਚ ਲਈ ਹੈ। ਅਮਰੀਕਾ ਮਿਡਲ ਈਸਟ ਵਿੱਚ ਤੇਜ਼ੀ ਨਾਲ ਹਥਿਆਰ ਭੇਜ ਰਿਹਾ ਹੈ। ਇਜ਼ਰਾਈਲ ਨੇ ਸੰਕੇਤ ਦਿੱਤਾ ਹੈ ਕਿ ਉਹ ਇਰਾਨ ਨੂੰ ਬਖਸ਼ਣ ਵਾਲਾ ਨਹੀਂ ਹੈ। ਇਜ਼ਰਾਈਲ ਦੇ ਇਰਾਨ ਨੂੰ ਸਬਕ ਸਿਖਾਉਣ ਦੇ ਇਰਾਦੇ ਵਿੱਚ ਅਮਰੀਕਾ ਵੀ ਸਾਥ ਦੇ ਰਿਹਾ ਹੈ। ਅਮਰੀਕਾ ਨੇ ਇੱਕ ਗਾਈਡਿਡ ਮਿਸਾਈਲ ਪਣਡੁਬੀ ਮਿਡਲ ਈਸਟ ਭੇਜੀ ਹੈ ਅਤੇ ਇੱਕ ਇੱਕ ਏਅਰਕ੍ਰਾਫਟ ਕੈਰੀਅਰ ਸਟ੍ਰਾਈਕ ਗਰੁੱਪ ਦੀ ਤੈਨਾਤੀ ਨੂੰ ਤੇਜ਼ ਕਰ ਰਿਹਾ ਹੈ।

ਇਰਾਨ ਨੂੰ ਘੇਰਨ ਵਿੱਚ ਲੱਗੇ ਅਮਰੀਕਾ-ਇਜ਼ਰਾਈਲ ਹਮਾਸ ਅਤੇ ਹਿਜਬੁੱਲਾਹ ਦੇ ਮੈਂਬਰਾਂ ਦੀ ਹੱਤਿਆ ਦੇ ਬਾਅਦ ਇਜ਼ਰਾਈਲ ਨੇ ਇਰਾਨ ਅਤੇ ਉਸਦੇ ਸਮਰਥਕਾਂ ਨੂੰ ਚੁਣੌਤੀ ਦਿੱਤੀ ਹੈ। ਇਸ ਦੌਰਾਨ, ਪੈਂਟਾਗਨ ਨੇ ਪੁਸ਼ਟੀ ਕੀਤੀ ਸੀ ਕਿ ਡਿਫੈਂਸ ਸਕਰੇਟਰੀ ਲੌਇਡ ਆਸਟਿਨ ਨੇ ਯੂਐਸਐੱਸ ਜਾਰਜੀਆ ਗਾਈਡਿਡ ਮਿਸਾਈਲ ਪਣਡੁਬੀ ਨੂੰ ਖੇਤਰ ਵਿੱਚ ਭੇਜਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਨੇ ਯੂਐਸਐੱਸ ਐਬ੍ਰਾਹਮ ਲਿੰਕਨ ਕੈਰੀਅਰ ਸਟ੍ਰਾਈਕ ਗਰੁੱਪ, ਜੋ ਕਿ ਢ-35ਛ ਲੜਾਕੂ ਜੈੱਟ ਨਾਲ ਲੈਸ ਹੈ, ਨੂੰ ਖੇਤਰ ਵਿੱਚ ਤੇਜ਼ੀ ਨਾਲ ਪਹੁੰਚਣ ਦਾ ਹੁਕਮ ਦਿੱਤਾ ਹੈ। ਅਮਰੀਕਾ-ਇਜ਼ਰਾਈਲ ਦੀ ਗੱਲਬਾਤ ਇਹ ਹੁਕਮ ਅਤੇ ਪਣਡੁਬੀ ਦੀ ਤੈਨਾਤੀ ਦਾ ਜਨਤਕ ਐਲਾਨ ਬਹੁਤ ਹੀ ਹੈਰਾਨ ਕਰਨ ਵਾਲਾ ਹੈ। ਪੈਂਟਾਗਨ ਦੀ ਇੱਕ ਰਿਪੋਰਟ ਦੇ ਅਨੁਸਾਰ, ਆਸਟਿਨ ਨੇ ਆਪਣੇ ਇਜ਼ਰਾਈਲੀ ਸਹਿਯੋਗੀ ਯੋਵ ਗੈਲੈਂਟ ਨਾਲ ਇੱਕ ਕਾਲ ਵਿੱਚ ਵਾਸ਼ਿੰਗਟਨ ਦੀ ਆਪਣੇ ਸਹਿਯੋਗੀ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕਣ ਦਾ ਵਾਅਦਾ ਦੋਹਰਾਇਆ। ਇਸ ਗੱਲਬਾਤ ਵਿੱਚ, ਗੈਲੈਂਟ ਨੇ ਇਰਾਨ ਅਤੇ ਉਸਦੇ ਖੇਤਰੀ ਸਮਰਥਕਾਂ ਵੱਲੋਂ ਉਭਰ ਰਹੇ ਖਤਰਿਆਂ ਦੇ ਸਾਹਮਣੇ ਇਜਰਾਈਲ ਡੀਫੈਂਸ ਫੋਰਸਦੀ ਤਿਆਰੀ ਅਤੇ ਸਮਰਥਾਵਾਂ ਦਾ ਵਿਸਤਾਰ ਨਾਲ ਵੇਰਵਾ ਦਿੱਤਾ। ਖੇਤਰ ਵਿੱਚ ਤੈਨਾਤ ਅਮਰੀਕੀ ਫੌਜੀ ਸਮਰਥਾਵਾਂ ਦੀ ਵਿਆਪਕ ਰੇਂਜ ਨਾਲ ਸੰਯੁਕਤ ਸੰਚਾਲਨ ਉੱਤੇ ਗੱਲਬਾਤ ਕੀਤੀ ਗਈ।

**ਇਰਾਨ ਨੇ ਵੀ ਦਿੱਤੀ ਹੈ ਧਮਕੀ**

ਇਹ ਕਦਮ ਉਸ ਵੇਲੇ ਚੁੱਕੇ ਗਏ ਜਦੋਂ ਇਹ ਡਰ ਵਧ ਗਿਆ ਕਿ ਇਰਾਨ ਜਲਦੀ ਹੀ ਹਮਾਸ ਦੇ ਸਿਆਸੀ ਨੇਤਾ ਇਸਮਾਈਲ ਹਨਿਆ ਦੀ ਹੱਤਿਆ ਦਾ ਜਵਾਬ ਦੇ ਸਕਦਾ ਹੈ, ਜਿਸਨੂੰ ਪਿਛਲੇ ਮਹੀਨੇ ਤੇਹਰਾਨ ਵਿੱਚ ਮਾਰ ਦਿੱਤਾ ਗਿਆ ਸੀ। ਹਨਿਆ ਇਰਾਨੀ ਰਾਸ਼ਟਰਪਤੀ ਮਸੂਦ ਮਸੂਦ ਪੇਜ਼ੇਸ਼ਕੀਅਨ ਦੇ ਉਦਘਾਟਨ ਸਮਾਰੋਹ ਵਿੱਚ ਹਿੱਸਾ ਲੈਣ ਤੋਂ ਬਾਅਦ ਮਾਰਿਆ ਗਿਆ ਸੀ। ਇਰਾਨ ਅਤੇ ਹਮਾਸ ਦੋਹਾਂ ਨੇ ਹੱਤਿਆ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

**ਹਨਿਆ ਦੀ ਹਤਿਆ ਦਾ ਬਦਲਾ ਲੈਣ ਦੀ ਕਸਮ**

ਇਰਾਨ ਦੇ ਸਰਵਉੱਚ ਲੀਡਰ ਆਯਤੁੱਲਾਹ ਅਲੀ ਖਾਮਨੇਈ ਨੇ ਹਨਿਆ ਦੀ ਹੱਤਿਆ ਲਈ ਕਠੋਰ ਸਜ਼ਾ ਦੇਣ ਦੀ ਕਸਮ ਖਾਧੀ ਹੈ। ਜਿਸ ਦੇ ਬਾਅਦ, ਹਮਾਸ ਦੇ 7 ਅਕਤੂਬਰ ਦੇ ਆਤਮਘਾਤੀ ਹਮਲੇ ਦੇ ਕਥਿਤ ਮਾਸਟਰਮਾਈਂਡ ਯਾਹਿਆ ਸਿਨਵਾਰ ਨੂੰ ਸਮੂਹ ਦਾ ਸਿਆਸੀ ਨੇਤਾ ਨਿਯੁਕਤ ਕੀਤਾ ਗਿਆ। ਪਰ, ਇਹ ਸਪਸ਼ਟ ਨਹੀਂ ਹੈ ਕਿ ਇਰਾਨ ਕਿਸ ਤਰ੍ਹਾਂ ਨਾਲ ਜਵਾਬ ਦੇਵੇਗਾ। ਇਰਾਨ-ਸਮਰਥਿਤ ਲੇਬਨਾਨੀ ਖਾੜਕੂ ਸਮੂਹ ਹਿਜਬੁੱਲਾਹ ਨੇ ਵੀ ਬੇਰੂਤ ਵਿੱਚ ਸੀਨੀਅਰ ਕਮਾਂਡਰ ਫੁਆਦ ਸ਼ੁੱਕਰ ਦੀ ਹਤਿਆ ਦੇ ਬਦਲੇ ਦੀ ਕਸਮ ਖਾਧੀ ਹੈ, ਜੋ ਹਨਿਆ ਦੀ ਹੱਤਿਆ ਤੋਂ ਕੁਝ ਘੰਟੇ ਪਹਿਲਾਂ ਹੋਈ ਸੀ। ਇਨ੍ਹਾਂ ਪੁਆਇੰਟਾਂ ਵਿੱਚ ਸਮਝੋ ਕੀ ਕੁਝ ਹੋ ਸਕਦਾ

ਹਮਾਸ ਅਤੇ ਹਿਜਬੁੱਲਾਹ ਦੇ ਨੇਤਾਵਾਂ ਦੀਆਂ ਹੱਤਿਆਵਾਂ ਦੇ ਬਾਅਦ, ਇਜ਼ਰਾਈਲ ਇਰਾਨ ਅਤੇ ਉਸਦੇ ਸਮਰਥਕਾਂ ਤੋਂ ਸੰਭਾਵਿਤ ਹਮਲਿਆਂ ਲਈ ਉੱਚ ਚੌਕਸੀ 'ਤੇ ਹੈ।

ਅਮਰੀਕਾ ਇੱਕ ਗਾਈਡਿਡ ਮਿਸਾਈਲ ਪਣਡੁਬੀ ਨੂੰ ਤੈਨਾਤ ਕਰ ਰਿਹਾ ਹੈ ਅਤੇ ਇਜ਼ਰਾਈਲ ਦੇ ਸਹਿਯੋਗ ਵਿੱਚ ਇੱਕ ਵਿਦੇਸ਼ੀ ਪੋਤ ਸਟ੍ਰਾਈਕ ਗਰੁੱਪ ਦੀ ਤੈਨਾਤੀ ਨੂੰ ਤੇਜ਼ੀ ਨਾਲ ਅੱਗੇ ਵਧਾ ਰਿਹਾ ਹੈ।

ਇਰਾਨ ਨੇ ਹਮਾਸ ਦੇ ਨੇਤਾ ਦੀ ਹਤਿਆ ਲਈ ਸਖ਼ਤ ਸਜ਼ਾ ਦੇਣ ਦੀ ਕਸਮ ਖਾਧੀ ਹੈ ਅਤੇ ਫੌਜੀ ਅਭਿਆਸ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਖੇਤਰੀ ਸੰਘਰਸ਼ ਦੀ ਸੰਭਾਵਨਾ ਬਾਰੇ ਚਿੰਤਾ ਵਧ ਗਈ ਹੈ।

ਵਧਦੇ ਤਣਾਅ ਵਿਚਾਲੇ ਅਮਰੀਕਾ ਵੀ ਇਜ਼ਰਾਈਲ ਅਤੇ ਹਮਾਸ ਦੇ ਵਿਚਕਾਰ ਜੰਗ ਰੁਕਣ ਤੱਕ ਪਹੁੰਚਣ ਅਤੇ ਬੰਧਕਾਂ ਦੀ ਰਿਹਾਈ ਯਕੀਨੀ ਬਣਾਉਣ ਦੀ ਅਪੀਲ ਕਰ ਰਿਹਾ ਹੈ। ਗਾਜਾ ਵਿੱਚ ਇੱਕ ਸਕੂਲ 'ਤੇ ਹਾਲ ਹੀ ਵਿੱਚ ਹੋਏ ਇਜ਼ਰਾਈਲੀ ਹਮਲੇ ਵਿੱਚ ਨਾਗਰਿਕਾਂ ਦੇ ਮਾਰੇ ਜਾਣ 'ਤੇ ਡੂੰਘੀ ਚਿੰਤਾ ਵੀ ਪ੍ਰਗਟ ਕੀਤੀ।

**ਯੂਕ੍ਰੇਨ ਦੇ ਹਮਲਿਆਂ ਤੋਂ ਪਰੇਸ਼ਾਨ ਪੁਤਿਨ**

ਰੂਸ ਦੁਆਰਾ ਯੂਕਰੇਨ ਦੇ ਕੁਰਸਕ ਖੇਤਰ 'ਤੇ ਕਬਜ਼ੇ ਤੋਂ ਬਾਅਦ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਗੁੱਸੇ ਵਿਚ ਹਨ। ਇਹ ਖਦਸ਼ਾ ਹੈ ਕਿ ਉਹ ਯੂਕਰੇਨ 'ਤੇ ਵੱਡੇ ਜਵਾਬੀ ਹਮਲੇ ਕਰ ਸਕਦੇ ਹਨ। ਯੂਕਰੇਨ ਨੇ ਕੁਰਸਕ ਨਾਮਕ ਰੂਸ ਦੇ ਇੱਕ ਮਹੱਤਵਪੂਰਨ ਖੇਤਰ 'ਤੇ ਹਮਲਾ ਕੀਤਾ ਅਤੇ ਲਗਭਗ 95 ਵਰਗ ਮੀਲ ਦੇ ਖੇਤਰ 'ਤੇ ਕਬਜ਼ਾ ਕਰ ਲਿਆ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ।

ਬੀਤੇ ਦਿਨੀਂ ਯੂਕਰੇਨੀ ਫੌਜ ਨੇ ਇੱਕ ਵੀਡੀਓ ਜਾਰੀ ਕੀਤਾ ਸੀ ਜਿਸਵਿ'ਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਰੂਸ 'ਚ ਕੁਰਸਕ ਨਾਮਕ ਇੱਕ ਮਹੱਤਵਪੂਰਨ ਖੇਤਰ ਤੇ ਯੂਰਪ ਨੂੰ ਸਪਲਾਈ ਕਰਨ ਵਾਲੇ ਇੱਕ ਗੈਸ ਪਲਾਂਟ 'ਤੇ ਕਬਜ਼ਾ ਕਰ ਲਿਆ ਹੈ। ਯੂਕਰੇਨ ਦੇ ਇਸ ਹਮਲੇ ਦੇ ਜਵਾਬ ਵਿੱਚ ਪੁਤਿਨ ਦੀ ਪ੍ਰਤੀਕਿਰਿਆ ਆਈ ਹੈ, ਪੁਤਿਨ ਨੇ ਇਸ ਹਮਲੇ ਦਾ ਜਵਾਬ ਦੇਣ ਲਈ 'ਸਖਤ ਕਦਮ' ਚੁੱਕਣ ਦੀ ਗੱਲ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਯੂਕਰੇਨ ਨੇ ਰੂਸ ਦੀਆਂ ਸਰਹੱਦਾਂ ਪਾਰ ਕਰ ਲਈਆਂ ਹਨ ਅਤੇ ਸਖ਼ਤ ਜਵਾਬੀ ਕਾਰਵਾਈ ਕੀਤੀ ਜਾਵੇਗੀ।

ਯੂਕਰੇਨ ਦੇ ਇੱਕ ਸੀਨੀਅਰ ਰੱਖਿਆ ਅਧਿਕਾਰੀ ਨੇ ਕਿਹਾ ਕਿ ਰੂਸ ਬਹੁਤ ਵੱਡਾ ਤੇ ਸਖ਼ਤ ਜਵਾਬ ਦੇ ਸਕਦਾ ਹੈ। ਉਸ ਦਾ ਮੰਨਣਾ ਹੈ ਕਿ ਅਜਿਹਾ ਕਰ ਕੇ ਰੂਸ ਦੁਨੀਆ ਨੂੰ ਦਿਖਾਉਣਾ ਚਾਹੁੰਦਾ ਹੈ ਕਿ ਉਹ ਤਾਕਤਵਰ ਹੈ ਤੇ ਅਜਿਹੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਪੁਤਿਨ ਦੀ ਧਮਕੀ ਅਤੇ ਰੂਸ ਦੀ ਸੰਭਾਵਿਤ ਜਵਾਬੀ ਕਾਰਵਾਈ ਨੇ ਕੌਮਾਂਤਰੀ ਭਾਈਚਾਰੇ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਸਾਰੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਰੂਸ ਕੀ ਪ੍ਰਤੀਕਿਰਿਆ ਕਰੇਗਾ ਅਤੇ ਸਥਿਤੀ ਕਿੰਨੀ ਗੰਭੀਰ ਹੋ ਸਕਦੀ ਹੈ।

ਰਿਪੋਰਟਾਂ ਦੇ ਅਨੁਸਾਰ, ਸੁਦਜ਼ਾ ਕਸਬੇ ਨੂੰ 7 ਅਗਸਤ ਤੱਕ ਯੂਕਰੇਨੀ ਫੌਜਾਂ ਦੁਆਰਾ ਘੇਰ ਲਿਆ ਗਿਆ ਸੀ ਤੇ ਇਸ ਤੋਂ ਬਾਅਦ ਰੂਸੀ ਸੈਨਿਕਾਂ ਨੇ ਆਤਮ ਸਮਰਪਣ ਕੀਤਾ ਸੀ।

ਇਸ ਹਮਲੇ ਨੂੰ ਰੂਸੀ ਫੌਜ ਨੂੰ ਹੋਰ ਖੇਤਰਾਂ 'ਚ ਕਮਜ਼ੋਰ ਕਰਨ ਦੀ ਰਣਨੀਤਕ ਕੋਸ਼ਿਸ਼ ਮੰਨਿਆ ਜਾ ਰਿਹਾ ਹੈ, ਇਸ ਘਟਨਾ ਤੋਂ ਬਾਅਦ ਰੂਸ ਨੇ ਇਸ ਖੇਤਰ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ ਅਤੇ 3000 ਤੋਂ ਵੱਧ ਨਾਗਰਿਕਾਂ ਨੂੰ ਬਾਹਰ ਕੱਢਿਆ ਗਿਆ ਹੈ। ਰੂਸੀ ਫੌਜ ਹੁਣ ਯੂਕਰੇਨ ਦੇ ਸੈਨਿਕਾਂ ਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅਜੇ ਤੱਕ ਉਹ ਸਫਲ ਨਹੀਂ ਹੋ ਸਕੀ ਹੈ।

# ਪੰਜਾਬ ਦੀ ਖੇਤੀ ਨੀਤੀ ਬਾਰੇ ਸਰਕਾਰਾਂ ਦੀ ਬੇਰੁਖ਼ੀ

ਅਮਰਜੀਤ ਸਿੰਘ ਵੜੈਚ
ਸੰਪਰਕ: 94178-01988



ਹੁਣ ਤੱਕ ਜਿੰਨੀਆਂ ਵੀ ਪਾਰਟੀਆਂ ਨੇ ਪੰਜਾਬ 'ਚ ਸਰਕਾਰਾਂ ਬਣਾਈਆਂ ਹਨ, ਉਨ੍ਹਾਂ ਨੇ ਰਾਜ ਲਈ ਨਵੀਂ ਖੇਤੀ ਨੀਤੀ ਬਣਾਉਣ ਦੇ ਨਾਂ 'ਤੇ ਵੋਟਾਂ ਲੈ ਕੇ ਸਰਕਾਰਾਂ ਤਾਂ ਬਣਾ ਲਈਆਂ ਪਰ ਕਿਸੇ ਵੀ ਸਰਕਾਰ ਨੇ ਖੇਤੀ ਨੀਤੀ ਬਣਾਉਣ ਦੀ ਦਿਸ਼ਾ ਵਿੱਚ ਕੋਈ ਠੋਸ ਕਦਮ ਨਹੀਂ ਚੁੱਕਿਆ। ਸਾਰੀਆਂ ਸਰਕਾਰਾਂ ਮਾਹਿਰਾਂ ਤੋਂ ਖੇਤੀ ਨੀਤੀ ਦੇ ਖਰੜੇ ਬਣਵਾਉਂਦੀਆਂ ਰਹੀਆਂ ਪਰ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੁਝ ਨਹੀਂ ਕੀਤਾ ਅਤੇ ਪੰਜ ਸਾਲ ਪੂਰੇ ਹੋਣ ਦੀ ਉਡੀਕ ਕਰਦੀਆਂ ਰਹੀਆਂ। ਮੌਜੂਦਾ ਪੰਜਾਬ ਸਰਕਾਰ ਵੀ ਇਸ ਮੁੱਦੇ 'ਤੇ ਬਹੁਤ ਧੀਮੀ ਗਤੀ ਨਾਲ ਤੁਰ ਰਹੀ ਹੈ।

ਗਿਆਰਾਂ ਮੈਂਬਰੀ ਸਰਕਾਰੀ ਪੈਨਲ ਨੇ ਪਿਛਲੇ ਸਾਲ 15 ਅਕਤੂਬਰ ਨੂੰ ਖੇਤੀ ਨੀਤੀ ਦੀਆਂ ਸਿਫ਼ਾਰਸ਼ਾਂ ਦੇ ਖਰੜੇ ਦੀਆਂ ਪੰਜ ਕਾਪੀਆਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਸੌਂਪ ਦਿੱਤੀਆਂ ਸਨ ਪਰ ਅਜੇ ਤੱਕ ਉਸ ਰਿਪੋਰਟ ਦੀ ਕੋਈ ਉੱਘ-ਸੁੱਘ ਨਹੀਂ ਨਿਕਲੀ। ਪਿਛਲੇ ਵਰ੍ਹੇ ਸਰਕਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਨ 'ਤੇ 17 ਅਕਤੂਬਰ ਨੂੰ ਖੇਤੀ ਨੀਤੀ ਜਾਰੀ ਕਰਨਾ ਚਾਹੁੰਦੀ ਸੀ ਤਾਂ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਲਾਹਾ ਲਿਆ ਜਾ ਸਕੇ। ਫਿਰ ਪਤਾ ਨਹੀਂ ਕੀ ਹੋਇਆ, ਉਸ ਰਿਪੋਰਟ ਦੀ ਕਿਧਰੇ ਕੋਈ ਗੱਲ ਨਹੀਂ ਹੋਈ।

ਸਰਕਾਰ ਨੇ ਖੇਤੀ ਨੀਤੀ ਬਣਾਉਣ ਲਈ ਜਨਵਰੀ 2023 ਵਿਚ 11 ਮੈਂਬਰੀ ਪੈਨਲ ਦਾ ਐਲਾਨ ਕੀਤਾ ਸੀ ਜਿਸ ਦੇ ਕਨਵੀਨਰ ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਸਨ ਪਰ ਜੂਨ 2023 ਨੂੰ ਸਰਕਾਰ ਨੇ ਪੰਜਾਬ ਵਿੱਚ ਫ਼ਸਲੀ ਵੰਨ-ਸਵੰਨਤਾ ਦੀ ਸਕੀਮ ਤਿਆਰ ਕਰਨ ਲਈ ਅਮਰੀਕਾ ਦੇ ਸ਼ਹਿਰ ਬੋਸਟਨ 'ਚ ਸਥਿਤ 'ਬੋਸਟਨ ਕੰਸਲਟਿੰਗ ਗਰੁੱਪ' ਨੂੰ 5.65 ਕਰੋੜ ਰੁਪਏ ਦਾ ਠੇਕਾ ਦੇ ਦਿੱਤਾ। ਸਰਕਾਰ ਨੇ ਜਦੋਂ 11 ਮੈਂਬਰੀ ਪੈਨਲ ਜਿਸ ਵਿੱਚ ਕੌਮਾਂਤਰੀ ਪੱਧਰ ਦੇ ਖੇਤੀ ਤੇ ਆਰਥਿਕ ਮਾਹਿਰ ਸ਼ਾਮਿਲ ਸਨ, ਕਾਇਮ ਕਰ ਦਿੱਤਾ ਸੀ ਤਾਂ ਫ਼ਸਲੀ ਵੰਨ-ਸਵੰਨਤਾ ਲਈ 'ਬੋਸਟਨ ਕੰਸਲਟਿੰਗ ਗਰੁੱਪ' ਨੂੰ ਠੇਕਾ ਦੇਣ ਦੀ ਗੱਲ ਸਮਝ ਨਹੀਂ ਆਉਂਦੀ। ਡਾ. ਐੱਸਐੱਸ ਜੌਹਲ ਨੇ ਮਈ 1986 ਵਿੱਚ ਰਿਪੋਰਟ ਬਣਾ ਕੇ ਸਰਕਾਰ ਨੂੰ ਦਿੱਤੀ ਸੀ। ਉਸ ਰਿਪੋਰਟ 'ਚ ਸਭ ਤੋਂ ਮਹੱਤਵਪੂਰਨ ਸਿਫ਼ਾਰਿਸ਼ ਇਹ ਸੀ ਕਿ ਪੰਜਾਬ ਨੂੰ 20 ਫ਼ੀਸਦੀ ਧਰਤੀ ਝੋਨੇ ਅਤੇ ਕਣਕ ਹੇਠੋਂ ਕੱਢ ਕੇ ਹੋਰਨਾਂ ਫ਼ਸਲਾਂ ਹੇਠ ਲਿਆਉਣੀ ਚਾਹੀਦੀ ਹੈ। ਉਹ ਰਿਪੋਰਟ ਕਿੱਥੇ ਹੈ? ਮਈ 1986 'ਚ ਪੰਜਾਬ ਵਿੱਚ ਬਰਨਾਲਾ ਸਰਕਾਰ ਸੀ। ਡਾ. ਜੌਹਲ ਨੇ 2002 ਵਿੱਚ ਫਿਰ ਰਿਪੋਰਟ ਦਿੱਤੀ ਜਿਸ ਵਿੱਚ ਉਨ੍ਹਾਂ 95 ਸਿਫ਼ਾਰਸ਼ਾਂ ਕੀਤੀਆਂ ਸਨ। ਉਸ ਵਕਤ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਉਹ ਰਿਪੋਰਟ ਵੀ ਗਾਇਬ ਹੈ। ਮਾਰਚ 2013 ਵਿੱਚ ਡਾ. ਜੀਐੱਸ ਕਾਲਕਟ (ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਪਹਿਲੇ ਚੇਅਰਮੈਨ ਤੇ ਸਾਬਕਾ ਵੀਸੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ) ਨੇ ਖੇਤੀ ਬਾਰੇ ਲੰਮੀ ਚੌੜੀ ਰਿਪੋਰਟ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਸੀ। ਉਹ ਰਿਪੋਰਟ ਵੀ ਸਕੱਤਰੇਤ 'ਚ ਦਫ਼ਨ ਕਰ ਦਿੱਤੀ ਗਈ।

ਹੁਣ ਖੇਤੀ ਸੰਕਟ ਹੋਰ ਗੰਭੀਰ ਹੋ ਗਿਆ ਹੈ। ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਖੇਤੀ ਲਈ ਖਾਦਾਂ, ਬੀਜਾਂ, ਮਸ਼ੀਨਰੀ, ਦਵਾਈਆਂ ਤੇ ਦਿਹਾੜੀ ਦੀਆਂ ਵਧ ਰਹੀਆਂ ਦਰਾਂ, ਬਿਮਾਰੀਆਂ ਤੇ ਕੁਦਰਤੀ ਆਫ਼ਤਾਂ, ਨਕਲੀ ਬੀਜਾਂ ਤੇ ਦਵਾਈਆਂ 'ਚ ਕਿਸਾਨਾਂ ਨੂੰ ਪੈਂਦੀ ਮਾਰ, ਫ਼ਸਲਾਂ ਦੇ ਵਾਜਿਬ ਮੁੱਲ ਨਾ ਮਿਲਣਾ, ਸਬਜ਼ੀਆਂ ਤੇ ਫ਼ਲ਼ ਭੰਡਾਰ ਨਾ ਕਰ ਸਕਣ ਕਰ ਕੇ ਵਪਾਰੀਆਂ ਦੇ ਰਹਿਮੋ-ਕਰਮ 'ਤੇ ਜਿਊਣਾ, ਫ਼ਸਲਾਂ ਦਾ ਬੀਮਾ ਨਾ ਹੋਣਾ, ਵਧ ਰਹੀ ਮਹਿੰਗਾਈ, ਪੇਂਡੂ ਨੌਜਵਾਨਾਂ ਵਿੱਚ ਵਧ ਰਹੀ ਬੇਰੁਜ਼ਗਾਰੀ, ਨਸ਼ਿਆਂ ਦਾ ਰੁਝਾਨ ਤੇ ਸਮਾਜਿਕ ਰੀਸ-ਘੜੀਸ ਵਰਗੀਆਂ ਜ਼ਹਿਮਤਾਂ ਕਾਰਨ ਕਿਸਾਨ ਕਰਜ਼ੇ ਲੈਣ ਲਈ ਮਜਬੂਰ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ ਕਿਸਾਨ ਖ਼ੁਦਕੁਸ਼ੀਆਂ ਵਿੱਚੋਂ 88 ਫ਼ੀਸਦੀ ਕਿਸਾਨ ਉਹ ਹਨ ਜੋ ਕਰਜ਼ੇ ਦਾ ਬੋਝ ਨਾ ਸਹਾਰਦੇ ਹੋਏ ਮੌਤ ਦੇ ਖੂਹ ਵਿੱਚ ਡਿੱਗ ਰਹੇ ਹਨ। ਇਨ੍ਹਾਂ ਵਿੱਚ ਵੀ 77 ਫ਼ੀਸਦੀ ਕਿਸਾਨ ਛੋਟੇ ਅਤੇ ਹਾਸ਼ੀਏ 'ਤੇ ਧੱਕੇ ਹੋਏ ਸਨ।



ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ (ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ) ਦੇ ਸਰਵੇਖਣ ਮੁਤਾਬਿਕ, ਸਭ ਤੋਂ ਵੱਧ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ (16606) ਸਾਲ 2000 ਤੋਂ 2015 ਦਰਮਿਆਨ ਹੋਈਆਂ। ਇਨ੍ਹਾਂ ਵਿੱਚ 9007 ਕਿਸਾਨ ਅਤੇ 7234 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ; ਭਾਵ, ਹਰ ਦੋ ਦਿਨ ਮਗਰੋਂ ਤਿੰਨ-ਚਾਰ ਪੰਜਾਬੀ ਕਿਸਾਨਾਂ ਅਤੇ ਹਰ ਦੋ ਦਿਨ ਮਗਰੋਂ ਤਿੰਨ ਖੇਤੀ ਮਜ਼ਦੂਰਾਂ ਨੇ ਆਤਮ-ਹੱਤਿਆ ਕੀਤੀ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੁਲਾਕਾਤ ਮਗਰੋਂ ਇਸੇ ਵਰ੍ਹੇ 20 ਜੁਲਾਈ ਨੂੰ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਲਾਨ ਕੀਤਾ ਕਿ ਝੋਨਾ ਨਾ ਬੀਜ ਕੇ ਕੋਈ ਹੋਰ ਫ਼ਸਲ ਬੀਜਣ ਵਾਲ਼ੇ ਕਿਸਾਨਾਂ ਨੂੰ 17500 ਰੁਪਏ ਪ੍ਰਤੀ ਹੈਕਟੇਅਰ ਪੰਜਾਬ ਸਰਕਾਰ ਮਦਦ ਕਰੇਗੀ। ਪਹਿਲੀ ਗੱਲ ਤਾਂ ਇਹ ਕਿ ਐਲਾਨ ਕਰਨ ਤੱਕ ਪੰਜਾਬ ਵਿੱਚ 90 ਪ੍ਰਤੀਸ਼ਤ ਝੋਨਾ ਲੱਗ ਚੁੱਕਿਆ ਸੀ; ਦੂਜੀ ਗੱਲ, ਇਸ ਰਾਸ਼ੀ ਵਿੱਚ 60:40 ਦੇ ਅਨੁਪਾਤ ਨਾਲ਼ ਕ੍ਰਮਵਾਰ ਕੇਂਦਰ ਤੇ ਪੰਜਾਬ ਹਿੱਸਾ ਪਾਉਣਗੇ।

ਕੀ ਕਰਜ਼ ਮਾਰਿਆ ਪੰਜਾਬ ਇਸ ਹਾਲਤ ਵਿੱਚ ਹੈ ਕਿ ਆਪਣਾ ਬਣਦਾ 40 ਫ਼ੀਸਦੀ (ਸੱਤ ਹਜ਼ਾਰ ਪ੍ਰਤੀ ਹੈਕਟੇਅਰ) ਹਿੱਸਾ ਪਾ ਸਕੇਗਾ? ਕੇਂਦਰ ਨੇ ਪੰਜਾਬ ਦੇ 10 ਹਜ਼ਾਰ ਕਰੋੜ ਤੋਂ ਵੱਧ ਦੇ ਫੰਡ ਰੋਕੇ ਹੋਏ ਹਨ। ਝੋਨੇ ਦੀ ਸਿੱਧੀ ਬਿਜਾਈ ਅਤੇ ਮੂੰਗੀ ਦੀ ਬਿਜਾਈ ਵਾਲੇ ਕਿਸਾਨ ਵੀ ਸ਼ਿਕਾਇਤਾਂ ਕਰਦੇ ਹਨ ਕਿ ਸਰਕਾਰ ਉਨ੍ਹਾਂ ਦੀ ਮਦਦ ਦਾ ਐਲਾਨ ਤਾਂ ਕਰਦੀ ਹੈ ਪਰ ਐਲਾਨ ਅਨੁਸਾਰ ਖ਼ਰੀ ਨਹੀਂ ਉੱਤਰਦੀ। ਮੌਜੂਦਾ ਸਰਕਾਰ ਦਾ ਅੱਧਾ ਸਮਾਂ ਇਸੇ ਸਾਲ 16 ਸਤੰਬਰ ਨੂੰ ਪੂਰਾ ਹੋ ਜਾਵੇਗਾ। ਤਤਕਾਲੀ ਖੇਤੀ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਈ ਵਾਰ ਐਲਾਨ ਕੀਤਾ ਕਿ 31 ਮਾਰਚ 2023 ਤੱਕ ਖੇਤੀ ਨੀਤੀ ਜਾਰੀ ਕਰ ਦਿੱਤੀ ਜਾਵੇਗੀ ਪਰ ਇਹ ਨੀਤੀ ਨਹੀਂ ਆਈ ਤੇ ਪਹਿਲੀ ਜੂਨ 2023 ਨੂੰ ਧਾਲੀਵਾਲ ਦੀ ਥਾਂ ਗੁਰਮੀਤ ਸਿੰਘ ਖੁੱਡੀਆਂ ਨੂੰ ਖੇਤੀ ਵਿਭਾਗ ਦੇ ਦਿੱਤਾ ਗਿਆ।

ਕੇਂਦਰ ਨੇ 2024-25 ਦੇ ਬਜਟ ਲਈ ਪੰਜਾਬ ਵਾਸਤੇ, ਖ਼ਾਸਕਰ ਪੰਜਾਬ ਦੇ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਉਣ ਲਈ ਕੋਈ ਐਲਾਨ ਨਹੀਂ ਕੀਤਾ। ਇਸ ਕਰ ਕੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਉਦਾਸੀਨਤਾ ਵਧੇਗੀ। ਇਸ ਹਾਲਤ ਵਿੱਚ ਜੇ ਪੰਜਾਬ ਸਰਕਾਰ ਵੀ ਕਿਸਾਨਾਂ ਲਈ ਕੁਝ ਨਹੀਂ ਕਰਦੀ ਤਾਂ ਫਿਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੰਕਟ ਵਿੱਚੋਂ ਕੌਣ ਕੱਢੇਗਾ? ਪੰਜਾਬ ਸਰਕਾਰ ਨੇ ਭਾਵੇਂ ਵਿੱਤ ਕਮਿਸ਼ਨ ਨੂੰ ਪੰਜਾਬ ਲਈ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਦੇ ਦਿੱਤੀ ਹੈ ਪਰ ਹੁਣ ਸਰਕਾਰ ਨੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਹਿੱਸਾ ਹੀ ਨਹੀਂ ਲਿਆ ਜਿੱਥੇ ਰਾਜਾਂ ਨੇ ਆਪੋ-ਆਪਣੇ ਰਾਜਾਂ ਦੇ ਵਿਕਾਸ ਲਈ ਤਜਵੀਜ਼ਾਂ ਰੱਖਣੀਆਂ ਹੁੰਦੀਆਂ ਹਨ। ਸਿਧਾਂਤਕ ਤੌਰ 'ਤੇ ਇਹ ਮੀਟਿੰਗ ਰਾਜਨੀਤਕ ਨਹੀਂ ਹੁੰਦੀ ਸਗੋਂ ਲੋਕਾਂ ਦੀਆਂ ਚੁਣੀਆਂ ਸਰਕਾਰਾਂ ਦੀ ਹੁੰਦੀ ਹੈ ਪਰ ਭਾਜਪਾ ਸਰਕਾਰ 'ਤੇ ਇਸ ਮੀਟਿੰਗ 'ਚ ਵੀ ਰਾਜਨੀਤੀ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਇਸ ਵਾਰ ਵੀ ਪੰਜਾਬ ਸਮੇਤ ਗ਼ੈਰ-ਭਾਜਪਾ ਸਰਕਾਰਾਂ ਨੇ ਇਸੇ ਤਰ੍ਹਾਂ ਦੇ ਦੋਸ਼ ਲਾਏ ਹਨ। ਮੀਟਿੰਗ 'ਚ ਹਿੱਸਾ ਨਾ ਲੈਣ ਕਾਰਨ ਹੁਣ ਕੇਂਦਰ ਸਰਕਾਰ ਅਤੇ ਪੰਜਾਬ ਭਾਜਪਾ ਨੂੰ ਇਹ ਮੁੱਦਾ ਮਿਲ ਜਾਵੇਗਾ ਕਿ ਪੰਜਾਬ ਸਰਕਾਰ ਸੂਬੇ ਦੇ ਮੁੱਦਿਆਂ ਬਾਰੇ ਕੇਂਦਰ ਕੋਲ ਆਪਣਾ ਪੱਖ ਹੀ ਨਹੀਂ ਰੱਖਦੀ ਤਾਂ ਫਿਰ ਮਦਦ ਦੀ ਆਸ ਕਿਉਂ ਰੱਖਦੀ ਹੈ। ਹੁਣ ਪੰਜਾਬ ਸਰਕਾਰ ਆਪਣਾ ਧਿਆਨ ਮਾਲਵਾ ਨਹਿਰ 'ਤੇ ਕੇਂਦਰਿਤ ਕਰ ਰਹੀ ਹੈ ਜਿਸ ਹੇਠ 1328 ਏਕੜ ਖੇਤੀਯੋਗ ਜ਼ਮੀਨ ਆ ਜਾਵੇਗੀ ਜਿਸ ਤੋਂ ਉਸ ਇਲਾਕੇ ਦੇ ਕਿਸਾਨ ਬਿਲਕੁਲ ਵੀ ਖ਼ੁਸ਼ ਨਹੀਂ।

ਅੱਜ ਪੰਜਾਬ ਵਿੱਚ ਖੇਤੀ ਵਾਲੀ ਜ਼ਮੀਨ ਦਾ ਰੇਟ ਕਿਤੇ ਵੀ 30 ਲੱਖ ਰੁਪਏ ਫ਼ੀ ਏਕੜ ਤੋਂ ਘੱਟ ਨਹੀਂ ਹੈ। 'ਭਾਰਤਮਾਲਾ' ਲਈ ਤਾਂ ਜ਼ਮੀਨ ਇਸ ਤੋਂ ਵੀ ਕਈ ਗੁਣਾ ਮਹਿੰਗੀ ਖ਼ਰੀਦੀ ਜਾ ਰਹੀ ਹੈ। ਕਰਜ਼ੇ ਦੇ ਭਾਰ ਹੇਠ ਤੜਫ ਰਹੀ ਪੰਜਾਬ ਸਰਕਾਰ ਇਸ ਨਹਿਰ ਦੀ ਜ਼ਮੀਨ ਲਈ 4000 ਕਰੋੜ ਦਾ ਖਰਚਾ ਕਿੱਥੋਂ ਕਰੇਗੀ? ਖੇਤੀ ਵੰਨ-ਸਵੰਨਤਾ ਲਈ ਕੇਂਦਰ ਕੋਲੋਂ ਇਸੇ ਸਾਲ 10 ਜੂਨ ਨੂੰ ਪੰਜਾਬ ਲਈ ਆਇਆ ਤਕਰੀਬਨ 290 ਕਰੋੜ ਰੁਪਏ ਦਾ ਫੰਡ ਅਫਸਰਸ਼ਾਹੀ ਦੀ ਬੇਰੁਖੀ ਦੀ ਭੇਂਟ ਚੜ੍ਹ ਗਿਆ। ਪਤਾ ਲੱਗਾ ਹੈ ਕਿ ਅਫਸਰਸ਼ਾਹੀ 40 ਦਿਨ ਇਸ ਸਕੀਮ 'ਤੇ ਬੈਠੀ ਰਹੀ ਤੇ 20 ਜੁਲਾਈ ਨੂੰ ਇਸ ਦਾ ਐਲਾਨ ਕੀਤਾ ਗਿਆ ਜਦੋਂ 90 ਫ਼ੀਸਦੀ ਤੋਂ ਵੱਧ ਝੋਨੇ ਦੀ ਫ਼ਸਲ ਲਾਈ ਜਾ ਚੁੱਕੀ ਸੀ। ਇਹ ਸਕੀਮ ਬਾਸਮਤੀ ਲਈ ਨਹੀਂ ਹੈ। ਹੁਣ ਚਾਰ ਹੋਰ ਵਿਧਾਨ ਸਭਾ ਹਲਕਿਆਂ (ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ) ਵਿੱਚ ਅਗਲੇ ਪੰਜ ਮਹੀਨਿਆਂ 'ਚ ਜ਼ਿਮਨੀ ਚੋਣਾਂ ਹੋਣੀਆਂ ਹਨ। ਇਹ ਚਾਰੇ ਹਲਕੇ ਪੇਂਡੂ ਖੇਤਰ ਵਿੱਚ ਹਨ ਜਿਥੇ ਸਭ ਤੋਂ ਵੱਧ ਵੋਟਾਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹਨ। ਹੁਣ ਸਵਾਲ ਹੈ: ਕੀ ਪੰਜਾਬ ਸਰਕਾਰ ਅਗਲੇ ਦਿਨਾਂ ਵਿੱਚ ਖੇਤੀ ਨੀਤੀ ਬਾਰੇ ਕੁਝ ਕਰੇਗੀ ਜਾਂ ਫਿਰ ਜ਼ਿਮਨੀ ਚੋਣਾਂ ਵਿੱਚ ਇਸ ਨੀਤੀ ਨੂੰ ਵੋਟਾਂ ਬਟੋਰਨ ਦਾ 'ਝੁਰਲੂ' ਬਣਾ ਕੇ ਵਰਤੇਗੀ?

# ਲਾਪਤਾ ਲੇਡੀਜ਼ ਤੇ ਮੌਕਾਪ੍ਰਸਤ ਸਰਕਾਰ

ਲੇਖਕ : ਜਯੋਤੀ ਮਲਹੋਤਰਾ

ਤ੍ਰਿਣਮੂਲ ਕਾਂਗਰਸ ਦੀਆਂ 'ਲਾਪਤਾ ਲੇਡੀਜ਼' (ਇਸੇ ਨਾਂ ਦੀ ਇਕ ਹਿੰਦੀ ਫ਼ਿਲਮ ਦਾ ਵਿਅੰਗਾਤਮਕ ਹਵਾਲਾ), ਆਖਰਕਾਰ ਸ਼ੁੱਕਰਵਾਰ ਨੂੰ ਕੋਲਕਾਤਾ ਵਿਚ ਆਪਣੀ ਨੇਤਾ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ 'ਚ ਕੀਤੇ ਇਕ ਰੋਸ ਮਾਰਚ ਵਿਚ ਨਜ਼ਰ ਆਈਆਂ, ਜੋ ਉਸ ਮਹਿਲਾ ਡਾਕਟਰ ਦੀ ਹਮਾਇਤ 'ਚ ਕੀਤਾ ਗਿਆ ਜਿਸ ਦਾ ਸ਼ਹਿਰ ਦੇ ਹੀ ਇਕ ਸਰਕਾਰੀ ਹਸਪਤਾਲ ਵਿਚ ਪੂਰੇ ਦਸ ਦਿਨ ਪਹਿਲਾਂ ਜਬਰ-ਜਨਾਹ ਕਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ।

ਮਹੂਆ ਮੋਇਤਰਾ, ਸਾਓਨੀ ਘੋਸ਼, ਡੋਲਾ ਸੇਨ, ਸ਼ਤਾਬਦੀ ਰੌਏ, ਸ਼ਰਮੀਲਾ ਸਰਕਾਰ, ਕਾਕੋਲੀ ਘੋਸ਼ ਦਸਤੀਦਾਰ, ਜੂਨ ਮਾਲੀਆ ?- ਸਾਰੀਆਂ ਸੰਸਦ ਮੈਂਬਰਾਂ ?- ਅਤੇ ਮੰਤਰੀ ਸ਼ਸ਼ੀ ਪਾਂਜਾ, ਉਨ੍ਹਾਂ ਪਾਰਟੀ ਆਗੂਆਂ 'ਚ ਸ਼ਾਮਲ ਸਨ ਜੋ ਕੋਲਕਾਤਾ ਦੀ ਮੌਲਾਲੀ ਤੋਂ ਡੋਰਿਨਾ ਕਰਾਸਿੰਗ ਤੱਕ ਮਮਤਾ ਦੇ ਆਲੇ-ਦੁਆਲੇ ਪੈਦਲ ਚੱਲੇ, ਅਤੇ ਉਸ ਬਿਰਤਾਂਤ ਨੂੰ ਫਿੱਕਾ ਪਾਉਣ ਦੀ ਕੋਸ਼ਿਸ਼ ਕੀਤੀ ਕਿ ਵਰਤਮਾਨ ਸਮਿਆਂ 'ਚ ਭਾਰਤ ਦੀ ਇਕੋ-ਇਕ ਮਹਿਲਾ ਮੁੱਖ ਮੰਤਰੀ ਪਿਛਲੇ ਇਕ ਹਫ਼ਤੇ ਤੋਂ ਲਗਭਗ ਗੁਆਚ ਹੀ ਗਈ ਹੈ।

ਕਈ ਸਾਲਾਂ ਬਾਅਦ ਪਹਿਲੀ ਵਾਰ ਦੀਦੀ ਦਾ ਘਾਟਾ ਹੁੰਦਾ ਜਾਪ ਰਿਹਾ ਹੈ। ਉਹ ਜਾਣਦੀ ਹੈ ਕਿ ਉਹ ਡਗਮਗਾ ਰਹੀ ਹੈ। ਉਸ ਦੀਆਂ 11 ਮਹਿਲਾਂ ਸੰਸਦ ਮੈਂਬਰਾਂ, ਜਿਨ੍ਹਾਂ 'ਚੋਂ ਕਈ ਤਾਂ ਸੋਸ਼ਲ ਮੀਡੀਆ ਉਤੇ ਸਟਾਰ ਹਨ, ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਜਦ ਉਨ੍ਹਾਂ ਭਿਆਨਕ ਕਤਲ ਕਾਂਡ ਤੋਂ ਬਾਅਦ ਦੀਆਂ ਬੇਹੱਦ ਮਹੱਤਵਪੂਰਨ ਘੜੀਆਂ ਅਤੇ ਦਿਨਾਂ ਦੌਰਾਨ ਪੀੜਤਾ ਦੇ ਹੱਕ 'ਚ ਬੋਲਣ ਤੋਂ ਪਾਸਾ ਵੱਟੀ ਰੱਖਿਆ, ਸਾਬਕਾ ਪੱਤਰਕਾਰ ਸਾਗਰਿਕਾ ਘੋਸ਼ ਨੂੰ ਛੱਡ ਕੇ ?- ਉਸ ਸਮੇਂ ਉਨ੍ਹਾਂ ਤ੍ਰਿਣਮੂਲ ਵਾਲੇ ਪਾਸਿਓਂ ਜਾਣਕਾਰੀ ਦਾ ਇਕ ਖੱਪਾ ਬਣਨ ਦਿੱਤਾ, ਜਿਸ ਨੂੰ ਵਿਰੋਧੀ ਧਿਰ ਭਾਜਪਾ ਨੇ ਬਿਲਕੁਲ ਸਹੀ ਸਮੇਂ 'ਤੇ ਆ ਕੇ ਭਰ ਲਿਆ।

ਇਹ ਸਿਆਣੀਆਂ ਮਹਿਲਾਵਾਂ, ਜੋ ਕਿ ਸੰਸਦ ਤੇ ਕੋਲਕਾਤਾ ਵਿਚ ਭਾਜਪਾ ਲਈ ਬਿਪਤਾ ਵਾਂਗ ਹਨ, ਜਾਣਦੀਆਂ ਹਨ ਕਿ ਜਦ ਉਨ੍ਹਾਂ ਬਿਹਤਰ ਨਿਤਾਰੇ ਖਾਤਰ ਮੂੰਹ ਬੰਦ ਕਰ ਲਿਆ ?- ਸ਼ਾਇਦ, ਉਹ ਕੋਲਕਾਤਾ ਪੁਲੀਸ ਦੀ ਜਾਂਚ ਉਡੀਕ ਰਹੀਆਂ ਸਨ, ਜਾਂ ਸ਼ਾਇਦ ਆਪਣੀ ਨੇਤਾ ਦਾ ਬਿਆਨ ਉਡੀਕ ਰਹੀਆਂ ਸਨ ਕਿ ਦੀਦੀ ਦਾ ਪਹਿਲਾਂ ਇਸ ਵਿਸ਼ੇ ਉਤੇ ਕੀ ਕਹਿਣਾ ਹੈ ?- ਉਨ੍ਹਾਂ ਕੁਝ ਜ਼ਿਆਦਾ ਹੀ ਲੰਮਾ ਇੰਤਜ਼ਾਰ ਕਰ ਲਿਆ। ਕਿ, ਘੱਟੋ-ਘੱਟ ਕੁਝ ਸਮੇਂ ਲਈ ਤਾਂ, ਭਰੋਸੇ ਦੀ ਉਹ ਭਾਵਨਾ, ਜੋ ਸਿਆਸਤਦਾਨ ਨਿਰੰਤਰ ਉਨ੍ਹਾਂ ਪੁਰਸ਼ਾਂ ਤੇ ਔਰਤਾਂ ਦੇ ਮਨਾਂ 'ਚ ਬਣਾਏ ਰੱਖਣ ਲਈ ਸੰਘਰਸ਼ ਕਰਦੇ ਹਨ, ਜਿਨ੍ਹਾਂ ਦੀ ਉਹ ਅਗਵਾਈ ਕਰਦੇ ਹਨ, ਡਗਮਗਾਉਂਦੀ ਜਾਪੀ। ਕਰੀਬ ਦਹਾਕੇ ਬਾਅਦ ਪਹਿਲੀ ਵਾਰ, ਸ਼ੱਕ ਦਾ ਇਕ ਤੱਤ ਰੀਂਘ ਕੇ ਅੰਦਰ ਵੜਦਾ ਜਾਪਿਆ। ਸਾਡੇ ਕੋਲ ਜਿਹੜੀ ਜਾਣਕਾਰੀ ਹੈ, ਉਸ ਮੁਤਾਬਕ ਪੀੜਤਾ




ਦਾ ਜਬਰ-ਜਨਾਹ ਤੇ ਹੱਤਿਆ 9 ਅਗਸਤ ਨੂੰ ਸੁਵਖ਼ਤੇ 3 ਤੋਂ ਪੰਜ ਵਜੇ ਦੇ ਵਿਚਾਲੇ ਹੋਏ ਜਦ ਹਸਪਤਾਲ 'ਚ ਲਗਾਤਾਰ 36 ਘੰਟੇ ਕੰਮ ਕਰਨ ਤੋਂ ਬਾਅਦ ਉਸ ਨੇ ਸੈਮੀਨਾਰ ਰੂਮ 'ਚ ਕੁਝ ਆਰਾਮ ਕਰਨ ਬਾਰੇ ਸੋਚਿਆ। ਪੋਸਟ-ਮਾਰਟਮ ਰਿਪੋਰਟ ਭਿਆਨਕ ਘਟਨਾ ਦੇ ਵੇਰਵੇ ਬਿਆਨਦੀ ਹੈ ?- ਕਿ ਗਲ਼ ਘੁੱਟ ਕੇ ਹੱਤਿਆ ਕੀਤੀ ਗਈ (ਗਲ਼ ਘੁੱਟਣ ਨਾਲ ਥਾਇਰਾਇਡ ਕਾਰਟੀਲੇਜ ਟੁੱਟ ਗਈ ਸੀ), ਕਿ ਉਸ ਦੇ ਗੁਪਤ ਅੰਗਾਂ 'ਤੇ ਗਹਿਰੇ ਜ਼ਖ਼ਮ ਸਨ ਜੋ ਜ਼ਾਹਿਰਾ ਤੌਰ 'ਤੇ 'ਦੁਰਾਚਾਰੀ ਕਾਮੁਕਤਾ' ਤੇ 'ਲਿੰਗਕ ਤਸ਼ੱਦਦ' ਦਾ ਸਿੱਟਾ ਸਨ। ਕਿ ਉਸ ਦੀਆਂ ਅੱਖਾਂ ਤੇ ਮੂੰਹ ਵਿਚੋਂ ਖ਼ੂਨ ਵਗ਼ ਰਿਹਾ ਸੀ। ਜਿਹੜੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਉਨ੍ਹਾਂ 'ਚ ਉਸ ਦੀਆਂ ਲੱਤਾਂ ਇਕ ਦੂਜੇ ਵੱਲ ਅਜੀਬ ਤਰੀਕੇ ਨਾਲ ਮੁੜੀਆਂ ਹੋਈਆਂ ਹਨ ?- ਕੁਝ ਦਾ ਕਹਿਣਾ ਹੈ ਕਿ ਜਦ ਤੱਕ 'ਪੈਲਵਿਕ' ਘੇਰਾ ਨਾ ਟੁੱਟੇ, ਅਜਿਹਾ ਨਹੀਂ ਹੁੰਦਾ। ਹਾਲਾਂਕਿ, ਅਜੀਬ ਗੱਲ ਹੈ ਕਿ ਅਗਲੇ ਛੇ ਦਿਨਾਂ ਤੱਕ, ਇਹ ਸਾਰੇ ਉੱਭਰ ਰਹੇ ਨੌਜਵਾਨ ਸਿਆਸਤਦਾਨ, ਚਮਕਦੇ ਸਿਤਾਰਿਆਂ ਦੀ ਇਕ 'ਗਲੈਕਸੀ' ?- ਜਿਨ੍ਹਾਂ ਵਿਚ ਮਮਤਾ ਦਾ ਭਤੀਜਾ ਅਭਿਸ਼ੇਕ ਬੈਨਰਜੀ ਵੀ ਸ਼ਾਮਲ ਹੈ, ਹੋਰਨਾਂ ਕਈ ਵੱਖ-ਵੱਖ ਮਸਲਿਆਂ ਵਿਚ ਰੁੱਝੇ ਨਜ਼ਰ ਆਏ, ਜਿਨ੍ਹਾਂ 'ਚ ਵਿਨੇਸ਼ ਫੋਗਾਟ ਨਾਲ ਸਬੰਧਤ ਘਟਨਾਕ੍ਰਮ ਵੀ ਸ਼ਾਮਲ ਹੈ। ਦੀਦੀ ਆਪ ਵੀ, ਕਿਹਾ ਜਾ ਰਿਹਾ ਹੈ ਕਿ ਮਾਮਲੇ ਬਾਰੇ ਕੋਲਕਾਤਾ 'ਚ ਬਾਂਗਲਾ ਭਾਸ਼ਾ 'ਚ ਹੀ ਬੋਲੀ ?- ਜੋ ਕਿ ਸੰਘਣੇ ਜੰਗਲ ਵਿਚ ਨੱਚ ਰਹੇ ਇਕ ਮੋਰ ਨੂੰ ਗਿਣਤੀ ਦੇ ਲੋਕਾਂ ਵੱਲੋਂ ਦੇਖਣ ਤੇ ਮਗਰੋਂ ਭੁੱਲ ਜਾਣ ਵਰਗਾ ਹੈ। ਉਦੋਂ ਤੱਕ ਚੀਜ਼ਾਂ ਕਾਬੂ ਤੋਂ ਬਾਹਰ ਹੋ ਚੁੱਕੀਆਂ ਸਨ। ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੇ ਅਸਤੀਫ਼ਾ ਦੇ ਦਿੱਤਾ ਸੀ ਪਰ ਉਸ ਨੂੰ ਕੁਝ ਘੰਟਿਆਂ 'ਚ ਹੀ ਇਕ ਹੋਰ ਵੱਡੇ ਅਹੁਦੇ ਨਾਲ ਨਿਵਾਜ ਦਿੱਤਾ ਗਿਆ। ਅਫ਼ਵਾਹਾਂ ਕਿ ਪੁਲੀਸ ਨੇ ਇਸ ਕੇਸ ਨੂੰ ਖ਼ੁਦਕੁਸ਼ੀ ਦੱਸਿਆ ਹੈ (ਜਦਕਿ ਨਹੀਂ ਦੱਸਿਆ) ਜਾਂ ਕਿ ਉਨ੍ਹਾਂ ਮ੍ਰਿਤਕਾ ਦਾ ਉਸ ਦੇ ਮਾਪਿਆਂ ਨੂੰ ਦੱਸੇ ਬਿਨਾਂ ਸਸਕਾਰ ਕਰ ਦਿੱਤਾ ਹੈ (ਹਾਲਾਂਕਿ ਪਰਿਵਾਰ ਨੇ ਹੀ ਅੰਤਿਮ ਸਸਕਾਰ ਕੀਤਾ), ਨੇ ਜਾਣਕਾਰੀ 'ਚ ਪਈ ਤਰੇੜ ਨੂੰ ਹੋਰ ਵੱਡਾ ਕੀਤਾ। ਇਨ੍ਹਾਂ ਸਾਰੀਆਂ ਮਹਿਲਾ ਸੰਸਦ ਮੈਂਬਰਾਂ ਦੇ 'ਐਕਸ' ਅਕਾਊਂਟ, ਜੋ ਗਲਤ ਚੀਜ਼ਾਂ ਬਾਰੇ ਸਭ ਤੋਂ ਵੱਧ ਆਵਾਜ਼ ਉਠਾਉਂਦੇ ਹਨ, ਹੈਰਾਨੀਜਨਕ ਢੰਗ ਨਾਲ ਖਾਮੋਸ਼ ਸਨ। ਉਦੋਂ ਵੀ ਜਦ 14-15 ਅਗਸਤ ਦੀ ਕੁੜੱਤਣ ਭਰੀ ਰਾਤ ਨੂੰ ਅੱਧੇ ਤੋਂ ਵੱਧ ਕੋਲਕਾਤਾ ਸੜਕਾਂ 'ਤੇ ਸੀ, 'ਖੋਹੀ ਗਈ ਰਾਤ' ਵਾਪਸ ਮੰਗ ਰਿਹਾ ਸੀ, ਹਜ਼ਾਰਾਂ ਪੁਰਸ਼ ਤੇ ਔਰਤਾਂ ਨਿਆਂ ਤੇ ਸਲਾਮਤੀ ਦਾ ਅਧਿਕਾਰ ਮੰਗ ਰਹੇ ਸਨ, ਤ੍ਰਿਣਮੂਲ ਕਿਤੇ ਵੀ ਨਜ਼ਰ ਨਹੀਂ ਆਈ। ਉਨ੍ਹਾਂ ਦਾ ਗੁੱਸਾ, ਜਨੂੰਨ ਤੇ ਉਤਸ਼ਾਹ, ਜੋ ਅਕਸਰ ਲੋਕ ਸਭਾ ਗੂੰਜਣ ਲਾ ਦਿੰਦਾ ਹੈ, ਜਾਂ ਤਾਂ ਖ਼ਰਚ ਹੋ ਚੁੱਕਾ ਸੀ ਜਾਂ ਫੇਰ ਬਰਬਾਦ ਹੋ ਚੁੱਕਾ ਸੀ।

ਟੀਵੀ ਨੇ ਲੜਕੀ ਨੂੰ ਇਕ ਨਾਂ ਦਿੱਤਾ: ਅਭਯਾ, ਇਕ ਨਿਡਰ ਸ਼ਖ਼ਸੀਅਤ, ਜਿਸ ਨੇ 12 ਸਾਲ ਪਹਿਲਾਂ ਦਿੱਲੀ ਵਿਚ ਹੋਏ ਦਰਦਨਾਕ ਜਬਰ-ਜਨਾਹ ਦੀ ਪੀੜਤਾ ਨੂੰ ਦਿੱਤੇ ਗਏ ਨਾਂ 'ਨਿਰਭਯਾ' ਦਾ ਚੇਤਾ ਕਰਵਾ ਦਿੱਤਾ। ਹਰ ਕਿਸੇ ਨੂੰ ਯਾਦ ਹੈ ਕਿ 2012 ਦੀ ਉਹ ਸਰਦੀ ਕਿਵੇਂ ਦੀ ਸੀ, ਜਦ ਸ਼ੀਲਾ ਦੀਕਸ਼ਿਤ ਦੀ ਕਾਂਗਰਸ ਸਰਕਾਰ ਨੇ ਲੜਕੀ ਨੂੰ ਕਿਸੇ ਵੀ ਤਰ੍ਹਾਂ ਬਚਾਉਣ ਲਈ ਹੱਥ-ਪੈਰ ਮਾਰੇ ਸਨ। ਦੋ ਸਾਲ ਬਾਅਦ, ਕੇਂਦਰ ਵਿਚ ਮਨਮੋਹਨ ਸਿੰਘ ਦੀ ਸਰਕਾਰ ਸੱਤਾ ਤੋਂ ਬਾਹਰ ਹੋ ਗਈ ਤੇ ਭਾਜਪਾ ਲਈ ਰਾਹ ਪੱਧਰਾ ਹੋ ਗਿਆ।

ਬਹੁਤਿਆਂ ਨੇ ਕਿਹਾ ਕਿ ਨਿਰਭਯਾ ਨੇ ਇਕ ਰਾਜਨੀਤਕ ਪਾਰਟੀ ਦੀ ਕਿਸਮਤ ਦਾ ਰਾਹ ਖੋਲ੍ਹਿਆ ਹੈ। ਸਾਫ਼ ਤੌਰ 'ਤੇ, ਭਾਜਪਾ ਨੂੰ ਲੱਗਦਾ ਹੈ ਕਿ ਅਭਯਾ ਅੱਜ ਇਸ ਲਈ ਉਹ ਕਰ ਸਕਦੀ ਹੈ ਜੋ ਪ੍ਰਧਾਨ ਮੰਤਰੀ ਪਿਛਲੇ 10 ਸਾਲਾਂ 'ਚ ਕਰਨ ਵਿਚ ਨਾਕਾਮ ਰਹੇ ਹਨ, ਜੋ ਬੰਗਾਲ ਨੂੰ ਭਾਜਪਾ ਲਈ ਵੋਟ ਕਰਨ ਵਾਸਤੇ ਮਨਾਉਣਾ, ਜਾਂ ਘੱਟੋ-ਘੱਟ ਇਸ ਨੂੰ ਆਪਣੇ ਪੱਖ ਵਿਚ ਕਰਨਾ ਕਿਉਂਕਿ ਹਾਲੇ ਨੇੜ ਭਵਿੱਖ 'ਚ ਕੋਈ ਚੋਣ ਨਹੀਂ ਹੈ। ਹਾਲੀਆ ਲੋਕ ਸਭਾ ਚੋਣਾਂ 'ਚ ਮੁਕਾਬਲਤਨ ਕਮਜ਼ੋਰ ਉਮੀਦਵਾਰ ਕਿਸ਼ੋਰੀ ਲਾਲ ਸ਼ਰਮਾ ਤੋਂ ਅਮੇਠੀ ਸੀਟ ਹਾਰਨ ਮਗਰੋਂ ਸਮ੍ਰਿਤੀ ਇਰਾਨੀ ਨੇ ਪਹਿਲੀ ਵਾਰ ਟੀਵੀ ਸਕਰੀਨ 'ਤੇ ਵਾਪਸੀ ਕੀਤੀ ਹੈ, ਜਿਸ ਦਾ ਕੋਈ ਨਾ ਕੋਈ ਮਤਲਬ ਜ਼ਰੂਰ ਹੈ।

ਪਰ ਭਾਜਪਾ ਨੂੰ ਸ਼ਾਇਦ ਹਾਲੇ ਵੀ ਬੰਗਾਲ ਉਨ੍ਹਾਂ ਹਿੰਦੀ ਭਾਸ਼ਾਈ ਸੂਬਿਆਂ ਨਾਲੋਂ ਕੁਝ ਵੱਖਰਾ ਲੱਗੇ, ਜਿਨ੍ਹਾਂ ਨੂੰ ਜਿੱਤਣ ਦਾ ਇਸ ਨੂੰ ਤਜਰਬਾ ਹੈ। ਹਿੰਦੂਤਵ ਵੱਲ ਵਧਦੇ ਝੁਕਾਅ ਦੇ ਬਾਵਜੂਦ, ਅੱਜ ਕੋਲਕਾਤਾ ਦੀਆਂ ਸੜਕਾਂ 'ਤੇ ਦਿਖਦੀ ਲੋਕਾਂ ਦੀ ਨਾਰਾਜ਼ਗੀ ਭਾਜਪਾ ਬਾਰੇ ਘੱਟ, ਪਰ ਤ੍ਰਿਣਮੂਲ ਖ਼ਿਲਾਫ਼ ਵੱਧ ਹੈ, ਜਿਸ ਦੇ ਰਾਜ ਵਿਚ ਲੋਕ ਬੇਵਸ ਮਹਿਸੂਸ ਕਰ ਰਹੇ ਹਨ ਤੇ ਗੁੱਸਾ ਕੱਢ ਰਹੇ ਹਨ। ਇਹ ਦੀਦੀ ਹੈ, ਨਾ ਕਿ ਭਾਜਪਾ, ਜੋ ਬੰਗਾਲ ਦੀਆਂ ਮਹਿਲਾਵਾਂ ਨੂੰ ਆਪਣਾ ਪ੍ਰਮੁੱਖ ਹਮਾਇਤੀ ਮੰਨਦੀ ਹੈ ਤੇ ਉਨ੍ਹਾਂ ਕੋਲੋਂ ਵੋਟਾਂ ਮੰਗਦੀ ਹੈ। 14 ਅਗਸਤ ਨੂੰ, ਉਸ ਰਾਤ ਤੋਂ ਕੁਝ ਘੰਟੇ ਪਹਿਲਾਂ, ਜਦ ਇਕ ਭੀੜ ਨੇ ਘਟਨਾ ਵਾਲੇ ਹਸਪਤਾਲ ਦੀ ਭੰਨ੍ਹ-ਤੋੜ ਕੀਤੀ ਸੀ, ਸਾਓਨੀ ਘੋਸ਼ ਮਮਤਾ ਦੀ ਸਕੀਮ 'ਕੰਨਿਆਸ੍ਰੀ' ਦੀਆਂ ਸਿਫ਼ਤਾਂ ਕਰ ਰਹੀ ਸੀ, ਜੋ ਕਿ ਛੋਟੀਆਂ ਬੱਚੀਆਂ ਲਈ ਲਾਂਚ ਕੀਤੀ ਗਈ ਹੈ।

ਫ਼ਿਲਹਾਲ, ਮਮਤਾ ਤੇ ਤ੍ਰਿਣਮੂਲ ਕਾਂਗਰਸ, ਨਿਰੋਲ ਭ੍ਰਿਸ਼ਟਾਚਾਰ ਅਤੇ ਇਸ ਲਾਚਾਰੀ ਲਈ ਕੋਲਕਾਤਾ ਦੇ ਲੋਕਾਂ ਦੇ ਗੁੱਸੇ ਦਾ ਕੇਂਦਰ ਬਣੇ ਹੋਏ ਹਨ, ਜਿਹੜਾ ਹੁਣ ਸ਼ਹਿਰ ਤੇ ਰਾਜ ਤੋਂ ਬਾਹਰ ਫੈਲਣਾ ਸ਼ੁਰੂ ਹੋ ਗਿਆ ਹੈ। ਕੁਝ ਵੀ ਕੰਮ ਆਉਂਦਾ ਨਹੀਂ ਜਾਪਦਾ, ਨਾ ਹੀ ਕੁਝ ਬਦਲਦਾ ਲੱਗ ਰਿਹਾ ਹੈ। ਜੇਕਰ ਇਹ ਵਿਆਪਕ ਗੁੱਸਾ ਬੰਗਾਲ ਦੇ ਹੋਰਨਾਂ ਹਿੱਸਿਆਂ ਵਿਚ ਫੈਲ ਗਿਆ, ਤਾਂ ਮਮਤਾ ਜਾਣਦੀ ਹੈ ਕਿ ਕੀ ਹੋ ਸਕਦਾ ਹੈ ?- ਇਹ ਪਹਿਲਾਂ ਵੀ ਹੋ ਚੁੱਕਾ ਹੈ, 2007 ਵਿਚ ਨੰਦੀਗ੍ਰਾਮ 'ਚ, ਜਦ ਸੀਪੀਐਮ ਨੇ ਉਦੋਂ ਸੱਤਾ ਵਿਚ ਹੁੰਦਿਆਂ ਜ਼ਮੀਨੀ ਪੱਧਰ 'ਤੇ ਨਾਰਾਜ਼ਗੀਆਂ ਨੂੰ ਸੁਣਨ ਤੋਂ ਮੂੰਹ ਮੋੜ ਲਿਆ ਤੇ ਕੁਝ ਸਾਲਾਂ ਬਾਅਦ ਸੱਤਾ ਤੋਂ ਬਾਹਰ ਹੋ ਗਈ ?- ਤੇ ਇਸ ਗੁੱਸੇ ਦਾ ਲਾਭ ਮਮਤਾ ਨੂੰ ਹੀ ਮਿਲਿਆ।

ਇਸੇ ਲਈ ਮਮਤਾ ਨੇ ਸ਼ੁੱਕਰਵਾਰ ਕੋਲਕਾਤਾ ਵਿਚ ਆਪਣੀਆਂ ਸਭ ਤੋਂ ਮੋਹਰੀ ਸੰਸਦ ਮੈਂਬਰਾਂ ਤੇ ਮਹਿਲਾ ਵਿਧਾਇਕਾਂ ਨਾਲ ਮਾਰਚ ਦੀ ਅਗਵਾਈ ਕੀਤੀ ਹੈ। ਇਨ੍ਹਾਂ ਸਾਰੀਆਂ ਔਰਤਾਂ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਬੰਗਾਲ ਲਈ ਮੁੜ ਲੜਾਈ ਲੜਨੀ ਪਏਗੀ, ਕਿ ਜੇ ਉਹ ਨਹੀਂ ਲੜਦੀਆਂ- ਤਾਂ ਮਹੂਆ ਮੋਇਤਰਾ ਦੇ ਹੋਣ ਦੇ ਬਾਵਜੂਦ ?- ਤ੍ਰਿਣਮੂਲ ਕਾਂਗਰਸ ਦੀਆਂ ਇਨ੍ਹਾਂ ਸੰਸਦ ਮੈਂਬਰਾਂ ਉਤੇ ਬੰਗਾਲ ਦੀਆਂ 'ਲਾਪਤਾ ਲੇਡੀਜ਼' (ਗੁੰਮਸ਼ੁਦਾ ਔਰਤਾਂ) ਤੇ ਇਸ ਦੀਆਂ 'ਗੂੰਗੀਆਂ ਗੁੱਡੀਆਂ' ਕਹਾਉਣ ਦਾ ਖ਼ਤਰਾ ਮੰਡਰਾਉਂਦਾ ਰਹੇਗਾ।

# ਮਹਿੰਗੇ ਵਿਆਹਾਂ ਦੇ ਵਿਖਾਵਾਕਾਰੀ ਪ੍ਰਭਾਵਾਂ ਨੂੰ ਨੱਥ ਕਿਵੇਂ ਪਾਈ ਜਾਵੇ ?

21ਵੀਂ ਸਦੀ ਦੇ ਲਗਭਗ ਢਾਈ ਦਹਾਕਿਆਂ ਦੇ ਮਾਨਵੀ ਸਫ਼ਰ 'ਚ ਭਾਰਤੀ ਸਮਾਜ 'ਚ ਵੱਡੇ ਉਦਯੋਗਪਤੀ ਮੁਕੇਸ਼ ਅੰਬਾਨੀ ਦੇ ਪੁੱਤਰ ਦਾ ਵਿਆਹ ਸਭ ਤੋਂ ਮਹਿੰਗਾ ਵਿਆਹ ਮੰਨਿਆ ਗਿਆ ਹੈ, ਜਿਸ 'ਤੇ ਮੋਟੇ ਅੰਦਾਜ਼ਿਆਂ ਮੁਤਾਬਿਕ ਪੰਜ ਹਜ਼ਾਰ ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਹੈ। ਕਈ ਮਹੀਨਿਆਂ ਤੋਂ ਵਿਆਹ ਸੰਬੰਧਿਤ ਚੱਲ ਰਹੀਆਂ ਰਸਮਾਂ, ਇਟਲੀ 'ਚ ਪ੍ਰੀ-ਵੈਡਿੰਗ ਅਤੇ 12 ਜੁਲਾਈ ਨੂੰ ਵਿਆਹ ਅਤੇ ਇਸ ਉਪਰੰਤ ਚੱਲੀਆਂ ਰਿਸੈਪਸ਼ਨ ਪਾਰਟੀਆਂ ਆਦਿ ਦੇ ਸਮੇਂ ਤੋਂ ਪਤਾ ਚਲਦਾ ਹੈ ਕਿ ਖਰਚੇ ਤੋਂ ਬਿਨਾਂ ਇਹ ਲੰਬਾ ਸਮਾਂ ਚਲਣ ਵਾਲਾ ਵਿਆਹ ਵੀ ਹੋ ਨਿਬੜਿਆ ਹੈ। ਇਸ ਵਿਆਹ 'ਚ ਰਾਸ਼ਟਰੀ, ਅੰਤਰਰਾਸ਼ਟਰੀ ਮਹਿਮਾਨਾਂ ਤੋਂ ਇਲਾਵਾ ਦੇਸ਼ ਦੇ ਰਾਜਨੀਤੀਵਾਨਾਂ ਅਤੇ ਵੱਖ-ਵੱਖ ਧਾਰਮਿਕ ਸੰਪਰਦਾਇਕ ਦੇ ਮੁਖੀਆਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਦੀ ਆਓਭਗਤ 'ਤੇ ਅੱਤ ਮਹਿੰਗੇ ਤੋਹਫ਼ਿਆਂ ਦੇ ਅਦਾਨ-ਪ੍ਰਦਾਨ ਨੇ ਤਕਰੀਬਨ ਹਰ ਬਾਸ਼ਿੰਦੇ ਦਾ ਕਿਸੇ ਨਾ ਕਿਸੇ ਰੂਪ 'ਚ ਧਿਆਨ ਖਿੱਚਿਆ ਹੈ। ਇਸ ਵਿਆਹ ਸੰਬੰਧੀ ਜਿੱਥੇ ਕੁਝ ਕੁ ਲੋਕ ਪਦਾਰਥਿਕ ਵਿਖਾਵਿਆਂ 'ਚ ਦਿਲਚਸਪੀ ਤੇ ਮਨੋਰੰਜਨ ਵਜੋਂ ਦੇਖ ਰਹੇ ਹਨ, ਉੱਥੇ ਦੇਸ਼ ਦੀ ਵੱਡੀ ਗਿਣਤੀ ਚਿੰਤਨਸ਼ੀਲ ਲੋਕ ਇਸ ਸਮਾਜ ਦੇ ਮੱਧ ਵਰਗ ਤੇ ਹੇਠਲੇ ਵਰਗ 'ਤੇ ਪੈਣ ਵਾਲੇ ਪ੍ਰਭਾਵ ਨੂੰ ਲੈ ਕੇ ਚਿੰਤਤ ਹਨ।

ਸੰਸਾਰ ਦੇ ਸਾਰੇ ਦੇਸ਼ਾਂ ਤੇ ਧਰਮਾਂ 'ਚ ਵਿਆਹ ਸੰਸਥਾ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ ਭਾਵੇਂ ਵਿਆਹ ਰਸਮਾਂ ਦਾ ਸਮਾਂ, ਵਿਆਹ ਦੀ ਉਮਰ ਅਤੇ ਦਹੇਜ ਪੱਖੋਂ ਬਹੁਤ ਵਖਰੇਵੇਂ ਹਨ। ਹਿੰਦੂ ਧਰਮ 'ਚ ਵਿਆਹ ਨੂੰ ਵਿਸ਼ੇਸ਼ 'ਤੇ ਪਵਿੱਤਰਤਾ ਵਾਲਾ ਸਮਾਜਿਕ ਬੰਧਨ ਮੰਨਿਆ ਗਿਆ ਹੈ। ਹਿੰਦੂ ਆਸ਼ਰਮ ਵਿਵਸਥਾ ਤਹਿਤ ਮਨੁੱਖੀ ਜੀਵਨ ਦੇ ਚਾਰ ਆਸ਼ਰਮਾਂ 'ਚੋਂ ਦੂਜੇ ਪੜਾਅ ਭਾਵ ਗ੍ਰਹਿਸਤ ਆਸ਼ਰਮ ਨੂੰ ਉੱਤਮ ਦਰਜਾ ਹਾਸਿਲ ਹੈ, ਕਿਉਂਕਿ ਇਸ ਆਸ਼ਰਮ ਦੀ ਸੰਪੂਰਨਤਾ ਤੋਂ ਬਿਨਾਂ ਅਗਲੇ ਆਸ਼ਰਮਾਂ ਦੇ ਪੜਾਵਾਂ 'ਚ ਵਿਗਾੜ ਆ ਜਾਂਦੇ ਹਨ। ਕੁਦਰਤੀ ਨਿਯਮਾਂ ਅਨੁਸਾਰ ਪਰਿਵਾਰ 'ਚ ਵਾਧਾ ਤੇ ਸੰਤਾਨ ਉਤਪਤੀ ਇਸ ਸੰਸਥਾ ਦੇ ਮੂਲ ਆਧਾਰ ਹਨ। ਰਵਾਇਤੀ ਸਮਾਜ 'ਚ ਵਿਆਹ ਦੀ ਰਸਮ ਧਾਰਮਿਕ ਬੰਧਨਾਂ 'ਚ ਬੰਨ੍ਹੀ ਪਰ ਸਾਦੀ ਹੁੰਦੀ ਸੀ ਅਤੇ ਸੰਬੰਧਿਤ ਪਰਿਵਾਰਾਂ ਨੂੰ ਕੋਈ ਬਹੁਤਾ ਆਰਥਿਕ ਬੋਝ ਨਹੀਂ ਸੀ ਪੈਂਦਾ। ਨਵੇਂ ਜੋੜੇ ਨੂੰ ਜੀਵਨ ਸ਼ੁਰੂ ਕਰਨ ਲਈ ਜੀਵਨ ਨਿਰਬਾਹਕ ਕੁਝ ਸੀਮਿਤ ਸਾਮਾਨ ਦੇ ਦਿੰਦੇ ਸਨ। ਅੱਧੀ ਸਦੀ ਪਹਿਲਾਂ ਤੱਕ ਵਿਆਹ ਆਮ ਧਾਰਮਿਕ ਸਥਾਨਾਂ, ਧਰਮਸ਼ਲਾਵਾਂ, ਸਾਂਝੇ ਜੰਞ ਘਰਾਂ ਜਾਂ ਨਿੱਜੀ ਸਥਾਨਾਂ ਅਤੇ ਗਲੀ-ਮੁਹੱਲਿਆਂ 'ਚ ਹੀ ਨਿਭਾਅ ਲਏ ਜਾਂਦੇ ਸਨ। ਸਮੇਂ ਦੇ ਬਦਲਾਅ, ਤਕਨੀਕੀ ਗਿਆਨ ਅਤੇ ਪਦਾਰਥਵਾਦ ਦੀ ਆਮਦ ਨੇ ਮਨੱਖੀ ਜੀਵਨ 'ਚ ਕਈ ਹੋਰ ਬਦਲਾਵਾਂ ਦੇ ਨਾਲ-ਨਾਲ ਸਮਾਜਿਕ-ਸੱਭਿਆਚਾਰਕ ਰਸਮਾਂ-ਰਿਵਾਜਾਂ 'ਚ ਵੀ ਢੇਰ ਸਾਰੀ ਤਬਦੀਲੀ ਲਿਆਂਦੀ ਹੈ। ਵਿਆਹ-ਸ਼ਾਦੀਆਂ ਤੇ ਹੋਰ ਰਸਮਾਂ 'ਤੇ ਵੱਧ ਰਹੇ ਖਰਚੇ ਅਤੇ ਦਿਖਾਵੇ, ਜਿੱਥੇ ਸਰਦੇ-ਪੁਜਦੇ ਲੋਕਾਂ ਲਈ ਸਮਾਜਿਕ ਰੁਤਬੇ ਹਾਸਿਲ ਕਰਨ ਵਾਲੀ ਗੱਲ ਹੈ, ਉੱਥੇ ਇਸ ਨਾਲ ਸਧਾਰਨ ਤੇ ਗ਼ਰੀਬ ਤਬਕਿਆਂ ਉੱਪਰ ਆਰਥਿਕ ਬੋਝ ਬਹੁਤ ਵਧ ਗਿਆ ਹੈ, ਜਿਸ ਦੇ ਅੱਗੋਂ ਮਾਰੂ ਆਰਥਿਕ ਤੇ ਮਨੋਵਿਗਿਆਨਕ ਨਤੀਜੇ ਨਿਕਲਦੇ ਹਨ ਅਤੇ ਕਈ ਲੋਕ ਰਸਮਾਂ ਨਿਭਾਓਣ ਉਪਰੰਤ ਤੰਗੀਆਂ-ਤੁਰਸ਼ੀਆਂ ਦੇ ਚੱਕਰ 'ਚ ਫਸੇ ਰਹਿੰਦੇ ਹਨ।

ਭਾਰਤ ਇਕ ਵਿਕਾਸਸ਼ੀਲ ਤੇ ਗ਼ਰੀਬ ਮੁਲਕਾਂ ਦੀ ਸ਼੍ਰੇਣੀ 'ਚ ਆਉਂਦਾ ਹੈ। ਭਾਵੇਂ ਸਾਡੇ ਕੁਝ ਅਰਥ ਸ਼ਾਸਤਰੀ ਗ਼ਰੀਬੀ ਰੇਖਾ ਤੋਂ ਥੱਲੇ ਲੋਕਾਂ ਦੀ ਗਿਣਤੀ ਕੁਲ ਆਬਾਦੀ ਦਾ 22 ਪ੍ਰਤੀਸ਼ਤ ਦੇ ਕਰੀਬ ਜਾਂ ਇਸ ਤੋਂ ਵੀ ਘੱਟ ਦੱਸਦੇ ਹਨ, ਪ੍ਰੰਤੂ ਅੰਤਰਰਾਸ਼ਟਰੀ ਰਿਪੋਰਟਾਂ 'ਤੇ ਹੋਰ ਅਰਥ ਸ਼ਾਸਤਰੀਆਂ ਮੁਤਾਬਿਕ ਭਾਰਤ 'ਚ ਗ਼ਰੀਬਾਂ ਦੀ ਗਿਣਤੀ ਵਧੇਰੇ ਹੈ। ਸਵਿਟਰਜ਼ਰਲੈਂਡ ਦੇ ਸਮਾਜ ਵਿਗਿਆਨੀ ਜਾਨ ਬਰੀਮੈਨ ਮੁਤਾਬਿਕ ਭਾਰਤ ਦੀ 76 ਪ੍ਰਤੀਸ਼ਤ ਆਬਾਦੀ ਗ਼ਰੀਬ ਹੈ ਅਤੇ ਇਨ੍ਹਾਂ 'ਚੋਂ 25 ਫ਼ੀਸਦੀ ਕੰਗਾਲੀ ਦੇ ਕੰਢੇ ਜੀਵਨ ਬਸਰ ਕਰ ਰਹੇ ਹਨ। ਗ਼ਰੀਬੀ ਤੇ ਕੰਗਾਲੀ ਬਾਰੇ ਫ਼ਰਕ ਦੱਸਦਿਆਂ ਉਹ ਸਾਫ ਕਰਦਾ ਹੈ ਕਿ ਗ਼ਰੀਬੀ 'ਚ ਕੋਈ ਮਨੁੱਖ ਜਾਂ ਪਰਿਵਾਰ ਆਪਣੇ ਸਾਧਨਾਂ ਤੇ ਲੇਬਰ ਜੁਗਾੜਾਂ ਰਾਹੀਂ ਪਰਿਵਾਰ ਦੀ ਗੱਡੀ ਨੂੰ ਤੋਰੀ ਜਾਂਦਾ ਹੈ, ਪ੍ਰੰਤੂ ਕੰਗਾਲੀ ਦੀ ਦਸ਼ਾ ਸਾਧਨਹੀਣਤਾ ਹੈ ਅਤੇ ਜੀਵਨ ਬਸਰ ਲਈ ਦੂਜਿਆਂ ਅੱਗੇ ਹੱਥ ਅੱਡਣਾ ਪੈਂਦਾ ਹੈ। ਇਸ ਤੋਂ ਬਿਨਾਂ ਅਜੋਕੇ ਸਮੇਂ ਸਮਾਜ 'ਚ ਵੱਧ ਰਹੇ ਆਰਥਿਕ ਪਾੜੇ ਵੀ ਕਿਸੇ ਕੋਲੋਂ ਛੁਪੇ ਨਹੀਂ। ਵੱਖ-ਵੱਖ ਖੋਜੀ ਰਿਪੋਰਟਾਂ, ਅਰਥ ਸ਼ਾਸਤਰੀਆਂ ਦੇ ਕਿਤਾਬਾਂ 'ਚ ਦਰਸਾਏ ਵਿਸ਼ਲੇਸ਼ਣ ਇਸ਼ਾਰਾ ਕਰਦੇ ਹਨ ਕਿ ਅੱਜ ਸਾਡੇ ਦੇਸ਼ ਦੀ ਸੰਪਤੀ ਤੇ ਆਰਥਿਕ ਵਸੀਲਿਆਂ ਉੱਪਰ ਮੁੱਠੀ ਭਰ ਲੋਕਾਂ ਦਾ ਕਬਜ਼ਾ ਹੈ। 1980 ਤੋਂ ਪਹਿਲਾਂ ਭਾਰਤ 'ਚ ਜਿੱਥੇ 2-4 ਅਰਬਪਤੀ ਸਨ, ਅੱਜ ਉਨ੍ਹਾਂ ਦੀ ਗਿਣਤੀ 200 ਤੋਂ ਉੱਪਰ ਚਲੀ ਗਈ ਹੈ। ਇਸ ਆਰਥਿਕ ਵਿਕਾਸ ਪ੍ਰਕਿਰਿਆ ਤਹਿਤ ਜਿੱਥੇ ਕੁਝ ਲੋਕ ਅਮੀਰ ਹੋ ਰਹੇ ਹਨ, ਉੱਥੇ ਦੇਸ਼ ਦੀ ਆਬਾਦੀ ਦਾ ਵੱਡਾ ਭਾਗ ਗ਼ਰੀਬੀ, ਅੱਤ ਗ਼ਰੀਬੀ ਤੇ ਬੇਰੁਜ਼ਗਾਰੀ ਵੱਲ ਧੱਕਿਆ ਜਾ ਰਿਹਾ ਹੈ।



# 1984 ਸਿੱਖ ਕਤਲੇਆਮ ਦੀਆਂ ਪੀੜਤ 'ਕੌਰਾਂ' ਦੀ ਗਾਥਾ

ਲੇਖਕ :ਮਨਮੋਹਨ
ਸੰਪਰਕ: 82839-48811

ਚਾਲ਼ੀ ਸਾਲ ਬੀਤ ਜਾਣ 'ਤੇ ਵੀ ਸੰਨ ਚੁਰਾਸੀ 'ਚ ਹੋਏ ਅਪਰੇਸ਼ਨ ਬਲਿਊ ਸਟਾਰ ਤੇ ਇੰਦਰਾ ਗਾਂਧੀ ਦੇ ਕਤਲ ਮਗਰੋਂ ਸਿੱਖ ਵਿਰੋਧੀ ਹਿੰਸਾ 'ਚ ਸਿੱਖ ਔਰਤਾਂ ਨਾਲ ਵਾਪਰੀਆਂ ਦੀਆਂ ਦਿਲ ਦਹਿਲਾਉਣ ਵਾਲੀਆਂ ਘਟਨਾਵਾਂ ਦਾ ਬਿਰਤਾਂਤ ਸਨਮ ਸੁਤੀਰਥ ਵਜ਼ੀਰ ਨੇ ਸਾਲ ਦੋ ਹਜ਼ਾਰ ਚੌਵੀ ਵਿੱਚ ਪ੍ਰਕਾਸ਼ਿਤ ਹੋਈ ਆਪਣੀ ਚੌਥੀ ਪੁਸਤਕ 'ਠਹਏ ਖਉਰਸੋ ਡ 1984' ਵਿੱਚ ਪੇਸ਼ ਕੀਤਾ ਹੈ। ਇਹ ਖੋਜ ਕਾਰਜ ਉਸ ਨੂੰ ਐਮਨੈਸਟੀ ਇੰਟਰਨੈਸ਼ਲ ਨੇ ਸਾਲ 2014 ਵਿੱਚ ਦਿੱਤਾ ਸੀ।

ਜੰਮੂ ਕਸ਼ਮੀਰ ਦਾ ਰਹਿਣ ਵਾਲਾ ਸਨਮ ਮਨੁੱਖੀ ਅਧਿਕਾਰਾਂ ਦਾ ਪ੍ਰਤੀਬੱਧ ਵਕੀਲ ਤੇ ਸਮਰਪਿਤ ਸਮਰਥਕ ਹੈ। ਵੱਡੇ ਪੱਧਰ 'ਤੇ ਹੋਈਆਂ ਹਿੰਸਕ ਘਟਨਾਵਾਂ ਅਤੇ ਅਣਇਤਿਹਾਸਕ ਬੇਇਨਸਾਫ਼ੀਆਂ ਦੇ ਮੌਖਿਕ ਇਤਿਹਾਸ ਦੁਆਰਾ ਦਸਤਾਵੇਜ਼ੀਕਰਨ ਨਾਲ ਉਸ ਦਾ ਨਾਂ ਬੜੇ ਡੂੰਘੇ ਢੰਗ ਨਾਲ ਜੁੜਿਆ ਹੋਇਆ ਹੈ। ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਦੇ ਹੱਕ 'ਚ ਨਿਆਂ ਦਾ ਪੱਖ ਪੂਰ ਕੇ ਉਹ ਪੂਰੀ ਦੁਨੀਆ 'ਚ ਲੱਖਾਂ ਲੋਕਾਂ ਦੀ ਹਮਾਇਤ ਪੈਦਾ ਕਰਨ ਵਿੱਚ ਸਫ਼ਲ ਹੋਇਆ ਹੈ।

ਹੁਣ ਤੱਕ ਉਸ ਦੀਆਂ ਤਿੰਨ ਕਿਤਾਬਾਂ 'ਅਨ ਓਰਓੌ ਡ ੀਨਜੁਸਟਚਏ ਡੋਰ ਟਹਏ 1984 ਸ਼ਕਿਹੰ ਓਸਸਓਚਰਏ', 'ਠਹਏ 1984 ਸ਼ਕਿਹੰ ਓਸਸਓਚਰਏ ਓਸ ਾਟਿਨਏਸਸਏਦ ਬੇ ਓ 15 ੇਏਓਰੋ ਲਦ', 'ਠਹਏ ਛੋਨਟਨਿੁਿਨਿਗ ੀਨਜੁਸਟਚਏੋ ਡ ਟਹਏ 1984 ਸ਼ਕਿਹੰ ਓਸਸਓਚਰਏ' ਐਮਨੈਸਟੀ ਇੰਟਰਨੈਸ਼ਨਲ ਨੇ ਛਾਪੀਆਂ। ਇਸ ਬਿਰਤਾਂਤ ਦੇ ਦੋ ਪਰਿਪੇਖ ਬਣਦੇ ਹਨ। ਪਹਿਲਾ, ਸਾਕਾ ਨੀਲਾ ਤਾਰਾ ਦੌਰਾਨ ਸਿੱਖ ਔਰਤਾਂ ਵੱਲੋਂ ਆਪਣੇ ਤਨਾਂ ਮਨਾਂ ਉੱਤੇ ਭੋਗਿਆ ਹਿੰਸਾ ਦਾ ਸੰਤਾਪ ਅਤੇ ਦੂਜਾ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਿੱਖ ਅੰਗ-ਰੱਖਿਅਕਾਂ ਵੱਲੋਂ ਕਤਲ ਕਰ ਦੇਣ ਮਗਰੋਂ ਦਿੱਲੀ ਅਤੇ ਉੱਤਰੀ ਭਾਰਤ ਦੇ ਵੱਖ ਵੱਖ ਇਲਾਕਿਆਂ 'ਚ ਸਿੱਖਾਂ ਦਾ ਵੱਡੇ ਪੱਧਰ 'ਤੇ ਹੋਇਆ ਕਤਲੇਆਮ। ਪਿਛਲੇ ਸਮਿਆਂ ਵਿੱਚ ਹੋਈਆਂ ਖੋਜਾਂ ਅਤੇ ਤਫ਼ਤੀਸ਼ਾਂ ਵਿੱਚ ਇਸ ਹਿੰਸਾ ਲਈ ਵਰਤੇ ਜਾਂਦੇ ਸ਼ਬਦ 'ਸਿੱਖ-ਹਿੰਦੂ ਦੰਗੇ' (੍ਰਿਟਸ) ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਕਿਉਂਕਿ ਦੰਗਿਆਂ 'ਚ ਦੋਵੇਂ ਧਿਰਾਂ ਬਰਾਬਰ ਦੀਆਂ ਹੁੰਦੀਆਂ ਹਨ ਅਤੇ ਬਹੁਤੀ ਵਾਰ ਇਨ੍ਹਾਂ 'ਚ ਬਾਹਰੀ ਸੱਤਾ ਦੀ ਦਖ਼ਲਅੰਦਾਜ਼ੀ ਨਹੀਂ ਹੁੰਦੀ। ਦਿੱਲੀ ਅਤੇ ਹੋਰ ਥਾਈਂ ਵਾਪਰੀ ਸਿੱਖ ਵਿਰੋਧੀ ਹਿੰਸਾ ਵਾਸਤੇ ਸ਼ਬਦ ਨਰਸੰਹਾਰ ਨਸਲਕੁਸ਼ੀ ਤੇ ਮਿੱਥ ਕੇ ਕੀਤਾ ਕਤਲੇਆਮ (ਫੋਗਰੋਮ) ਦੀ ਵਰਤੋਂ ਨੂੰ ਸਹੀ ਠਹਿਰਾਇਆ ਗਿਆ ਹੈ। ਸਨਮ ਨੇ ਸਾਰੇ ਬਿਰਤਾਂਤ 'ਚ ਸਿੱਖਾਂ ਉਪਰ ਹੋਈ ਹਿੰਸਾ ਲਈ ਸ਼ਬਦ ਨਰਸੰਹਾਰ (ਓਸਸਓਚਰਏ) ਦੀ ਵਰਤੋਂ ਕੀਤੀ ਹੈ। ਪਹਿਲੇ ਭਾਗ 'ਸਾਕਾ ਨੀਲਾ ਤਾਰਾ-ਅਪਰੇਸ਼ਨ ਬਲਿਊ ਸਟਾਰ' ਵਿੱਚ ਸਨਮ ਨੇ ਰਾਜਬੀਰ ਕੌਰ ਪਤਨੀ ਜਸਬੀਰ ਸਿੰਘ (ਜੋ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਹਮਾਇਤੀ ਸੀ) ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਇੱਕ ਜੂਨ ਤੋਂ ਲੈ ਕੇ ਛੇ ਜੂਨ ਤੱਕ ਤਨ, ਮਨ ਅਤੇ ਜ਼ਿਹਨ ਉੱਤੇ ਝੱਲੀ ਹਿੰਸਾ ਦਾ ਵਰਣਨ ਹੈ। ਦੂਜਾ ਵਰਣਨ ਕੁਲਬੀਰ ਕੌਰ ਦਾ ਹੈ, ਜੋ ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਅਕਾਲ ਫੈਡਰੇਸ਼ਨ ਨਾਲ ਜੁੜੇ ਕੰਵਰ ਸਿੰਘ ਧਾਮੀ ਦੀ ਰਿਸ਼ਤੇਦਾਰ ਹੈ। ਉਸ ਨੇ ਸਨਮ ਨੂੰ ਸਾਕੇ ਦਾ ਅੱਖੀਂ ਡਿੱਠਾ ਹਾਲ ਬਿਆਨਿਆ। ਤੀਜਾ ਵਰਣਨ ਜਸਮੀਤ ਕੌਰ ਦਾ ਹੈ। ਉਸ ਦਾ ਪਿਤਾ ਪੰਜਾਬ ਪੁਲੀਸ 'ਚ ਸੀਆਈਡੀ ਦਾ ਇੰਸਪੈਕਟਰ ਹੈ। ਉਹ ਸਿੱਖੀ ਸੰਘਰਸ਼ ਦੇ ਅਸੂਲਾਂ ਤੋਂ ਪ੍ਰਭਾਵਿਤ ਹੋ ਕੇ ਧਰਮ ਯੁੱਧ ਮੋਰਚੇ 'ਚ ਹਿੱਸਾ ਲੈਂਦੀ ਹੈ। ਚੌਥਾ ਵਰਣਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੁਖੀ ਭਾਈ ਅਮਰੀਕ ਸਿੰਘ ਦੀ ਧੀ ਹਰਮੀਤ ਕੌਰ ਦਾ ਹੈ ਜੋ ਅਪਰੇਸ਼ਨ ਬਲਿਊ ਸਟਾਰ ਵੇਲੇ ਆਪਣੀ ਮਾਂ ਸਤਵੰਤ ਕੌਰ ਨਾਲ ਸ੍ਰੀ ਹਰਿਮੰਦਰ ਸਾਹਿਬ 'ਚ ਹਾਜ਼ਰ ਸੀ। ਪੰਜਵਾਂ ਵਰਣਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਕੱਤਰ ਰਛਪਾਲ ਸਿੰਘ ਦੀ ਪਤਨੀ ਪ੍ਰੀਤਮ ਕੌਰ ਵੱਲੋਂ ਹੰਢਾਈ ਹਿੰਸਾ ਦਾ ਹੈ ਜਿਸ ਵਿੱਚ ਉਸ ਦਾ ਕੁੱਛੜ ਚੁੱਕਿਆ ਬੇਟਾ ਗੋਲ਼ੀ ਲੱਗਣ ਨਾਲ ਸ਼ਹੀਦ ਹੋ ਗਿਆ। ਛੇਵਾਂ ਵਰਣਨ ਬੀਬੀ ਕਿਰਨਜੋਤ ਕੌਰ ਦਾ ਹੈ ਜੋ ਕਿ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਰਾਜਿੰਦਰ ਕੌਰ ਦੀ ਧੀ ਅਤੇ ਮਾਸਟਰ ਤਾਰਾ ਸਿੰਘ ਦੀ ਦੋਹਤੀ ਹੈ। ਇਨ੍ਹਾਂ ਸਾਰੇ ਅੱਖੀ ਡਿੱਠੇ ਅਤੇ ਤਨਾਂ ਮਨਾਂ 'ਤੇ ਭੋਗੇ ਹੋਏ ਵਰਣਨਾਂ ਨੂੰ ਪੜ੍ਹਦਿਆਂ ਕਈ ਵਾਰ ਇੰਝ ਲਗਦਾ ਹੈ ਕਿ ਇਸ ਬਿਰਤਾਂਤ 'ਚ ਸਨਮ ਦੀ ਅਪਰੇਸ਼ਨ ਬਲਿਊ ਸਟਾਰ ਬਾਰੇ ਹੁਣ ਤੱਕ ਕੀਤੀ ਵਿਸਤ੍ਰਿਤ ਖੋਜ ਅਤੇ ਅਧਿਐਨ ਤੋਂ ਬਾਅਦ ਇਕੱਤਰ ਹੋਈ ਸਮੱਗਰੀ ਅਤੇ ਉਸ ਵਿੱਚੋਂ ਉੱਭਰੇ ਤੱਥਾਂ ਤੇ ਤੱਤਾਂ ਦਾ ਪ੍ਰਭਾਵ ਜ਼ਿਆਦਾ ਭਾਰੂ ਰੂਪ 'ਚ ਝਲਕਦਾ ਦਿਸਦਾ ਹੈ। ਇਸ ਬਿਰਤਾਂਤ ਦਾ ਦੂਜਾ ਹਿੱਸਾ ਸੰਨ ਚੁਰਾਸੀ ਦੀ ਇਕੱਤੀ ਅਕਤੂਬਰ ਨੂੰ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਤੇ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਪਿੰਡ ਹੋਦ ਚਿੱਲੜ 'ਚ ਕਈ ਸਿੱਖ ਔਰਤਾਂ ਜਿਵੇਂ: ਦਿੱਲੀ ਦੀ ਤ੍ਰਿਲੋਕਪੁਰੀ ਦੀ ਦਰਸ਼ਨ ਕੌਰ, ਸੁਲਤਾਨਪੁਰੀ ਦੀ ਸਤਵੰਤ ਕੌਰ, ਰਾਜ ਨਗਰ ਦੀ ਨਿਰਪ੍ਰੀਤ ਕੌਰ ਤੇ ਮੁਖਰਜੀ ਨਗਰ ਦੀ ਨਿਰਮਲ ਕੌਰ ਦੇ ਪਰਿਵਾਰਾਂ ਨਾਲ ਵਾਪਰੀਆਂ ਹਿੰਸਾ, ਬਲਾਤਕਾਰ, ਲੁੱਟਮਾਰ ਤੇ ਅੱਗਜ਼ਨੀ ਦੀਆਂ ਘਟਨਾਵਾਂ ਦਾ ਹਿਰਦੇਵੇਧਕ ਵਰਣਨ ਹੈ। ਇਸ ਦੇ ਨਾਲ ਨਾਲ ਦਿੱਲੀ ਦੀ ਹਿੰਸਾ ਮਗਰੋਂ ਹੋਂਦ 'ਚ ਆਈ ਤਿਲਕ ਨਗਰ ਦੀ ਵਿਧਵਾ ਕਾਲੋਨੀ ਵਿੱਚ ਰਹਿੰਦੀਆਂ ਕਈ ਸਿੱਖ ਔਰਤਾਂ ਨਾਲ ਕੀਤੀਆਂ ਮੁਲਾਕਾਤਾਂ 'ਚ ਬਿਆਨ ਕੀਤੇ ਮਾਰਮਿਕ ਵਰਣਨਾਂ ਨੂੰ ਸਨਮ ਨੇ ਇਸ ਬਿਰਤਾਂਤ ਦਾ ਆਧਾਰ ਬਣਾਇਆ ਹੈ। ਸਿੱਖ ਵਿਰੋਧੀ ਹਿੰਸਾ ਅਤੇ ਸਿਤਮ ਦੀਆਂ ਸਤਾਈਆਂ ਕੁਝ ਪੜ੍ਹੀਆਂ ਲਿਖੀਆਂ ਔਰਤਾਂ ਆਪਣੀਆਂ ਵਲੂੰਧਰੀਆਂ ਭਾਵਨਾਵਾਂ ਵੱਸ ਸਿੱਖ ਗਰਮਖ਼ਿਆਲੀ ਲਹਿਰ ਦਾ ਵੀ ਹਿੱਸਾ ਬਣ ਗਈਆਂ। ਉਨ੍ਹਾਂ ਵਿੱਚੋਂ ਪਹਿਲੀ ਤਾਂ ਨਿਰਪ੍ਰੀਤ ਕੌਰ ਹੈ ਜੋ ਕੇ.ਸੀ.ਐਫ. 'ਚ ਸ਼ਾਮਿਲ ਹੋ ਕੇ ਜਨਰਲ ਵੈਦਿਆ ਨੂੰ ਮਾਰਨ ਵਾਲੇ ਹਰਜਿੰਦਰ ਸਿੰਘ ਜਿੰਦਾ ਨਾਲ ਜਾ ਰਲ਼ੀ। ਉਸ ਨੇ ਖਾੜਕੂ ਰੌਸ਼ਨ ਲਾਲ ਬੈਰਾਗੀ ਨਾਲ ਵਿਆਹ ਵੀ ਕਰਵਾਇਆ। ਨਿਰਪ੍ਰੀਤ ਕੌਰ ਦਾ ਸੰਤਾਪ ਦੂਹਰਾ ਸੀ। ਉਸ ਦਾ ਪਰਿਵਾਰ ਸੰਨ ਸੰਤਾਲੀ 'ਚ ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫ਼ਰਾਬਾਦ ਤੋਂ ਉੱਜੜ ਕੇ ਆਇਆ ਸੀ ਤੇ ਸੰਨ ਚੁਰਾਸੀ 'ਚ ਉਸ ਦੇ ਪਿਤਾ ਨੂੰ ਉਸ ਦੀਆਂ ਅੱਖਾਂ ਮੂਹਰੇ ਜ਼ਿੰਦਾ ਜਲਾ ਦਿੱਤਾ ਗਿਆ। ਸਨਮ ਨੇ ਨਿਰਪ੍ਰੀਤ ਕੌਰ ਦੇ ਹਾਲਾਤ ਦੇ ਬਿਰਤਾਂਤ ਦਾ ਬੜਾ ਮਾਕੂਲ ਸਿਰਲੇਖ ਕਲਮਾਂ ਤੋਂ ਬੰਦੂਕਾਂ (ਫਰੋਮ ਫਏਨਸ ਟੋ ਘੁਨਸ) ਦਿੱਤਾ ਹੈ। ਦੂਜਾ ਵਰਣਨ ਬੀ.ਟੀ.ਕੇ.ਐਫ ਦੇ ਸਤਨਾਮ ਸਿੰਘ ਛੀਨਾ ਦੀ ਪਤਨੀ ਜਸਮੀਤ ਕੌਰ ਦਾ ਹੈ ਜਿਸ ਨੇ ਆਪਣੀ ਸਾਥਣ ਉਪਕਾਰ ਕੌਰ ਦੀ ਪ੍ਰੇਰਨਾ ਨਾਲ ਗ਼ਰਮਖ਼ਿਆਲੀ ਲਹਿਰ ਦਾ ਹਿੱਸਾ ਬਣ ਕੇ ਬਜ਼ਾਤੇ ਖ਼ੁਦ ਖਾੜਕੂ ਕਾਰਵਾਈਆਂ 'ਚ ਹਿੱਸਾ ਲਿਆ। ਤੀਜਾ ਵਰਣਨ ਕੁਲਬੀਰ ਕੌਰ ਦਾ ਹੈ ਜੋ ਗ਼ਰਮਖ਼ਿਆਲੀ ਕੰਵਰ ਸਿੰਘ ਧਾਮੀ ਦੀ ਰਿਸ਼ਤੇਦਾਰ ਸੀ। ਉਹ ਦੋਵੇਂ ਤਿੰਨ ਵਾਰ ਰਾਵੀ ਪਾਰ ਕਰ ਪਾਕਿਸਤਾਨ ਗਏ ਅਤੇ ਆਖ਼ਰੀ ਵਾਰ ਕੇ.ਸੀ.ਐਫ. ਦੇ ਮੁਖੀ ਪਰਮਜੀਤ ਸਿੰਘ ਪੰਜਵੜ ਨੂੰ ਵੀ ਸਰਹੱਦੋਂ ਪਾਰ ਲੈ ਕੇ ਗਏ। ਕੇ.ਐੱਲ.ਐਫ. ਦੇ ਅਨਾਰ ਸਿੰਘ ਪਾਰਾ ਦੀ ਪਤਨੀ ਹਰਜੀਤ ਕੌਰ ਵੀ ਕਈ ਮਜਬੂਰੀਆਂ ਵੱਸ ਖਾੜਕੂਆਂ ਦੀ ਮਦਦ ਕਰਦੀ ਸੀ। ਬੀ.ਕੇ.ਆਈ. ਦੇ ਮੁਖੀ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾ ਮਹਿਲ ਸਿੰਘ ਬੱਬਰ ਦੀ ਪਤਨੀ ਗੁਰਮੀਤ ਕੌਰ ਅਤੇ ਰੇਸ਼ਮ ਸਿੰਘ ਬੱਬਰ ਦੀ ਪਤਨੀ ਕੁਲਜੀਤ ਕੌਰ ਨਾਲ ਵਾਪਰੀਆਂ ਪੁਲੀਸ ਜ਼ਿਆਦਤੀਆਂ ਦਾ ਵਰਣਨ ਵੀ ਧਿਆਨ ਖਿੱਚਦਾ ਹੈ। ਦਿੱਲੀ ਦੀ ਵਿਧਵਾ ਕਾਲੋਨੀ 'ਚ ਰਹਿਣ ਵਾਲੀਆਂ ਵਿਧਾਵਾਵਾਂ ਵਿੱਚੋਂ ਸਭ ਤੋਂ ਵੱਧ ਸਿਤਮ ਅਤੇ ਯਾਤਨਾਵਾਂ ਸਹਿਣ ਦਾ ਵਰਣਨ ਦਰਸ਼ਨ ਕੌਰ ਦਾ ਹੈ। ਉਸ 'ਤੇ ਸੱਤਾਧਾਰੀ ਧਿਰ ਅਤੇ ਉਸ ਦੀ ਸ਼ਹਿ ਉੱਤੇ ਵੱਡੇ ਸਿੱਖ ਮੋਹਤਬਰਾਂ ਨੇ ਦਬਾਅ ਪਾਇਆ ਅਤੇ ਪੈਸਿਆਂ ਦਾ ਲਾਲਚ ਵੀ ਦਿੱਤਾ ਕਿ ਉਹ ਸਿੱਖ ਵਿਰੋਧੀ ਹਿੰਸਾ ਦੇ ਵੱਡੇ ਦੋਸ਼ੀਆਂ ਵਿਰੁੱਧ ਦਿੱਤੇ ਗਏ ਬਿਆਨ ਤੋਂ ਮੁੱਕਰ ਜਾਵੇ ਪਰ ਦਰਸ਼ਨ ਕੌਰ ਦੀ ਬਹਾਦਰੀ ਸੀ ਕਿ ਉਹ ਸਭ ਔਕੜਾਂ ਝੱਲਦੀ ਹੋਈ ਆਪਣੇ ਪੈਂਤੜੇ ਉੱਤੇ ਦ੍ਰਿੜ੍ਹਤਾ ਨਾਲ ਖੜ੍ਹੀ ਰਹੀ। ਸਤਵੰਤ ਕੌਰ ਨੂੰ ਕਦੇ ਹਿੰਦੀ ਗਾਣਾ 'ਆਜ ਫਿਰ ਜੀਨੇ ਕੀ ਤਮੰਨਾ ਹੈ' ਬੜਾ ਚੰਗਾ ਲੱਗਦਾ ਹੁੰਦਾ ਸੀ। ਉਹ ਅੱਜ ਆਪਣੀ ਵਿਧਵਾ ਭੈਣ ਸੰਗ ਰਹਿੰਦਿਆਂ ਲੋਕਾਂ ਦੇ ਘਰਾਂ 'ਚ ਦਾਈ ਦਾ ਕੰਮ ਕਰਦੀ ਹੈ। ਵਿਧਵਾ ਜੋਗਿੰਦਰ ਕੌਰ ਮੁਲਾਕਾਤ ਵਿੱਚ ਕਹਿੰਦੀ ਹੈ ਕਿ ਹਰ ਸਾਲ ਨਵੰਬਰ ਦਾ ਮਹੀਨਾ ਲੋਕਾਂ ਲਈ ਤਿਉਹਾਰਾਂ ਦਾ ਮਹੀਨਾ ਹੁੰਦਾ ਹੈ ਪਰ ਪਿਛਲੇ ਚਾਲ਼ੀ ਸਾਲ ਤੋਂ ਇਹ ਹਰ ਵਾਰ ਉਨ੍ਹਾਂ ਲਈ ਮਾਤਮ ਦੀਆਂ ਸਿਮਰਤੀਆਂ ਲੈ ਕੇ ਆਉਂਦਾ ਹੈ। ਇਸ ਤੋਂ ਇਲਾਵਾ ਵੀਹ ਕੁ ਹੋਰ ਵਿਧਵਾਵਾਂ ਦੇ ਬਿਆਨ ਇਹ ਦੱਸਦੇ ਹਨ ਕਿ ਕਿਵੇਂ ਦਿੱਲੀ ਦੀਆਂ ਵੱਖ ਵੱਖ ਥਾਵਾਂ 'ਤੇ ਉਨ੍ਹਾਂ ਦੇ ਪਤੀਆਂ, ਭਰਾਵਾਂ, ਪੁੱਤਰਾਂ ਧੀਆਂ ਨੂੰ ਹਿੰਸਾ, ਕੁੱਟ-ਮਾਰ, ਲੁੱਟਮਾਰ ਤੇ ਬਲਾਤਕਾਰਾਂ ਦਾ ਸ਼ਿਕਾਰ ਬਣਾਇਆ ਗਿਆ। ਥੋੜ੍ਹੇ ਬਹੁਤੇ ਵੇਰਵਿਆਂ ਜਾਂ ਥਾਵਾਂ ਅਤੇ ਘਟਨਾਵਾਂ ਦੇ ਫ਼ਰਕ ਨਾਲ ਹਰ ਕਿਸੇ ਨਾਲ ਜੋ ਵਾਪਰਿਆ ਇੱਕੋ ਜਿਹਾ ਸੀ। ਸਾਰੇ ਪੀੜਤਾਂ ਦੇ ਦੁੱਖ ਦਰਦ ਅਤੇ ਪੀੜਾ ਯਾਤਨਾਵਾਂ ਦੇ ਅਹਿਸਾਸਾਂ ਦੇ ਪ੍ਰਗਟਾਵੇ ਦੀ ਭਾਸ਼ਾ ਲਗਪਗ ਉਹੀ ਹੈ ਜਿਸ ਦੇ ਮਰਮ ਨੂੰ ਸਨਮ ਨੇ ਆਪਣੇ ਬਿਰਤਾਂਤ 'ਚ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। ਸਨਮ ਨੇ ਇਹ ਬਿਰਤਾਂਤ ਸਿਰਜਣ ਲਈ ਆਰ.ਟੀ.ਆਈ. ਨੂੰ ਅਧਿਕਾਰੀਆਂ ਤੋਂ ਸੂਚਨਾਵਾਂ ਲੈਣ ਲਈ ਸੰਦ ਵਜੋਂ ਵਰਤਿਆ। ਉਸ ਨੇ ਆਪਣੀ ਖੋਜ ਸਮੱਗਰੀ ਲਈ ਦੋ ਜੁਡੀਸ਼ੀਅਲ ਕਮਿਸ਼ਨਾਂ ਅਤੇ ਨੌਂ ਤਫ਼ਤੀਸ਼ੀ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਆਧਾਰ ਬਣਾਉਣ ਤੋਂ ਇਲਾਵਾ ਪੰਜਾਬ ਸੰਕਟ ਅਤੇ ਸਿੱਖ ਖਾੜਕੂਵਾਦੀ ਲਹਿਰ ਨਾਲ ਸਬੰਧਿਤ ਕਿਤਾਬੀ ਅਤੇ ਮੌਖਿਕ ਸਾਹਿਤ ਨੂੰ ਚੰਗੀ ਤਰ੍ਹਾਂ ਘੋਖਿਆ ਪ੍ਰਤੀਤ ਹੁੰਦਾ ਹੈ। ਸਨਮ ਨੇ ਇਸ ਬਿਰਤਾਂਤ ਨੂੰ ਉਸਾਰਨ ਲਈ ਮੌਖਿਕ ਇਤਿਹਾਸਕਾਰੀ ਵਾਲੀ ਵਿਧੀ ਅਪਣਾਈ ਹੈ। ਇਸ ਵਿਧੀ ਨਾਲ ਉਸ ਨੇ ਇਸ ਨੂੰ ਹੋਰ ਵਿਸ਼ਵਾਸਯੋਗ ਬਣਾਉਣ ਲਈ ਇਤਿਹਾਸ ਦੀਆਂ ਗੁੰਝਲਦਾਰ ਪਰਤਾਂ ਨੂੰ ਫਰੋਲਿਆ ਹੈ। ਉਸ ਦੀ ਨੀਝ 'ਚ ਵਿਸ਼ੇਸ਼ ਨੁਕਤਾ-ਨਿਗਾਹ ਵਿਆਪਤ ਦਿਸਦਾ ਹੈ ਜਿਸ ਨੂੰ ਅਮਰੀਕਾ ਦਾ ਨਵ-ਮਾਰਕਸਵਾਦੀ ਚਿੰਤਕ ਤੇ ਦਾਰਸ਼ਨਿਕ ਫਰੈਡਰਿਕ ਜੇਮਸਨ ਆਪਣੀ ਕਿਤਾਬ 'ਠਹਏ ਫੋਲਟਿਚਿਓਲੁ ਨਚੋਨਸਚਿੁਸ : ਓਰਰਓਟਵਏ ਓਸ ਸ਼ੋਚਓਿਲਲੇ ਸ਼ੇਮਬੋਲਚਿ ਅਚਟ' ਵਿੱਚ 'ਸਿਆਸੀ ਅਵਚੇਤਨ' ਕਹਿੰਦਾ ਹੈ। ਇਸ ਬਿਰਤਾਂਤ ਨੂੰ ਸਿਰਜਦਿਆਂ ਕਈ ਗਲਪੀ ਜੁਗਤਾਂ (ਦਏਵਿ ਚਏਸ) ਅਤੇ ਸਮਾਨਤਾਵਾਂ (ਓਨਓਲੋਗਇਸ) ਘੜੀਆਂ ਹਨ ਜਿਵੇਂ: ਉਹ ਸੰਤਾਲੀ 'ਚ ਔਰਤਾਂ 'ਤੇ ਹੋਏ ਅੱਤਿਆਚਾਰਾਂ ਤੇ ਉਧਾਲ਼ਿਆਂ ਅਤੇ ਦਿੱਲੀ 'ਚ ਸਿੱਖ ਵਿਰੋਧੀ ਹਿੰਸਾ 'ਚ ਔਰਤਾਂ ਨਾਲ ਹੋਏ ਬਲਾਤਕਾਰਾਂ 'ਚ ਸਮਾਨਤਾ ਦੇਖਦਾ ਹੈ। ਦੂਜੀ ਸਮਾਨਤਾ ਉਹ ਸਰਬੀਆ ਦੀ ਫ਼ੌਜ ਵੱਲੋਂ ਸਰਬੀਆਨਿਕਾ ਸ਼ਹਿਰ 'ਤੇ ਤਿੰਨ ਸਾਲਾਂ ਦੇ ਕਬਜ਼ੇ ਦੌਰਾਨ ਬੋਸਨਿਆਈ ਮੁਸਲਮਾਨਾਂ 'ਤੇ ਹੋਈ ਹਿੰਸਾ ਅਤੇ ਜਬਰ ਦੀ ਹੈ ਜਿਸ 'ਚ ਕੋਈ ਪੰਜਾਹ ਹਜ਼ਾਰ ਔਰਤਾਂ ਨਾਲ ਬਲਾਤਕਾਰ ਹੋਇਆ ਦੱਸਿਆ ਜਾਂਦਾ ਹੈ।

ਸਨਮ ਪੰਜਾਬ ਸੰਕਟ ਦੇ ਕਾਲੇ ਦੌਰ ਦੀ ਸਮਾਨਤਾ ਅੱਜ ਦੇ ਕਸ਼ਮੀਰ ਦੇ ਹਾਲਾਤ ਨਾਲ ਵੀ ਕਰਦਾ ਹੈ। ਕੁੱਲ ਮਿਲਾ ਕੇ ਇਸ ਕਿਤਾਬ ਦੇ ਬਿਰਤਾਂਤ ਦੇ ਆਰ'ਪਾਰ ਫੈਲਿਆ ਮੋਟਿਫ ਚੁਰਾਸੀ ਦੌਰਾਨ ਸਿੱਖ ਔਰਤਾਂ ਉੱਪਰ ਹੋਈ ਹਿੰਸਾ ਦੀ ਦਹਿਸ਼ਤ ਤੇ ਖ਼ੌਫ਼ ਦੇ ਨਾਲ ਨਾਲ ਨਿਆਂ ਨਾ ਮਿਲਣ ਕਾਰਨ ਹੋਈ ਬੇਇਨਸਾਫ਼ੀ ਨੂੰ ਮੁੜ ਪ੍ਰਸੰਗਿਕ ਕਰਨਾ ਅਤੇ ਇਸ ਲਈ ਸਮੇਂ ਦੀ ਸੱਤਾ ਦੇ ਬੇਰਹਿਮ ਅਤੇ ਬੇਹਿਸ ਵਤੀਰੇ ਨੂੰ ਸਾਹਮਣੇ ਲਿਆਉਣਾ ਹੈ ਤਾਂ ਕਿ ਹੁਣ ਤੱਕ ਨਿਆਂ ਮਿਲਣ 'ਚ ਹੋਈ ਦੇਰੀ ਕਾਰਨ ਬੇਇਨਸਾਫ਼ੀ ਦਾ ਮੁੱਦਾ ਹੋਰ ਮਜ਼ਬੂਤ ਢੰਗ ਨਾਲ ਉੱਚੀ ਆਵਾਜ਼ 'ਚ ਉਠਾਇਆ ਜਾ ਸਕੇ।